Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol :4 : # ਅੰਕ 334 29/05/2026
www.samajweekly.com samajweekly @samajweekly samajweekly

# ਐੱਸ ਆਈ ਆਰ ਕਰਨ ‘ਚ ਚੋਣ ਕਮਿਸ਼ਨ ਹੱਕ-ਬ-ਜਾਨਬ : ਸੁਪਰੀਮ ਕੋਰਟ

**ਨਵੀਂ ਦਿੱਲੀ** ।ਸੁਪਰੀਮ ਕੋਰਟ ਨੇ ਬੁੱਧਵਾਰ ਚੋਣ ਕਮਿਸ਼ਨ ਦੀ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਕਰਨ ਦੀ ਸ਼ਕਤੀ ਨੂੰ ਬਰਕਰਾਰ ਰੱਖਦਿਆਂ ਕਿਹਾ, ”ਇਹ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਦੀ ਸੰਵਿਧਾਨਕ ਲੋੜ ਨੂੰ ਅੱਗੇ ਵਧਾਉਂਦੀ ਹੈ।”

ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ, ਜਿਸ ਵਿੱਚ ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵਿਪੁਲ ਪੰਚੋਲੀ ਵੀ ਸ਼ਾਮਲ ਸਨ, ਨੇ ਟਿੱਪਣੀ ਕੀਤੀ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਚੋਣ ਕਮਿਸ਼ਨ ਨੇ ਐੱਸ ਆਈ ਆਰ ਦੀ ਵਰਤੋਂ ਕਰਕੇ ਕਾਨੂੰਨੀ ਸ਼ਕਤੀਆਂ ਤੋਂ ਬਾਹਰ ਜਾ ਕੇ ਕੰਮ ਕੀਤਾ ਹੈ। ਬੈਂਚ ਨੇ ਕਿਹਾ, ”ਅਸੀਂ ਇਹ ਸਿੱਟਾ ਕੱਢਣ ਵਿੱਚ ਅਸਮਰੱਥ ਹਾਂ ਕਿ ਵਿਵਾਦਤ ਕਾਰਵਾਈ ਸਿਰਫ ਪ੍ਰਸ਼ਾਸਨਿਕ ਸਹੂਲਤ ਲਈ ਕੀਤੀ ਗਈ ਹੈ। ਇਸ ਦੇ ਉਲਟ, ਅਸੀਂ ਮੰਨਦੇ ਹਾਂ ਕਿ ਐੱਸ ਆਈ ਆਰ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਦੀ ਸੰਵਿਧਾਨਕ ਲੋੜ ਨੂੰ ਅੱਗੇ ਵਧਾਉਂਦੀ ਹੈ।”

ਐੱਸ ਆਈ ਆਰ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਚੋਣ ਕਮਿਸ਼ਨ ਕੋਲ ਸੰਵਿਧਾਨ ਦੀ ਧਾਰਾ 326, ਲੋਕ ਪ੍ਰਤੀਨਿਧਤਾ ਐਕਟ, 1950 ਅਤੇ ਇਸ ਦੇ ਤਹਿਤ ਬਣੇ ਨਿਯਮਾਂ ਦੇ ਅਧੀਨ



ਵਿਆਪਕ ਰੂਪ ਵਿੱਚ ਐੱਸ ਆਈ ਆਰ ਕਰਨ ਦੀਆਂ ਸ਼ਕਤੀਆਂ ਨਹੀਂ ਹਨ।

29 ਜਨਵਰੀ ਨੂੰ ਸੁਪਰੀਮ ਕੋਰਟ ਨੇ ਐੱਨ ਜੀ ਓ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਦਾਇਰ ਪਟੀਸ਼ਨ ਸਮੇਤ ਹੋਰ ਪਟੀਸ਼ਨਾਂ ‘ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਬਿਹਾਰ ਵਿੱਚ ਐੱਸ ਆਈ ਆਰ ਸਭ ਤੋਂ ਪਹਿਲਾਂ ਕੀਤੀ ਗਈ ਸੀ।

ਸੁਪਰੀਮ ਕੋਰਟ ਨੇ ਪਿਛਲੇ ਸਾਲ 12 ਅਗਸਤ ਨੂੰ ਇਸ ਮਾਮਲੇ ਵਿੱਚ ਅੰਤਮ ਬਹਿਸ ਸ਼ੁਰੂ ਕੀਤੀ ਸੀ, ਜਦੋਂ ਉਸ ਨੇ ਟਿੱਪਣੀ ਕੀਤੀ ਸੀ ਕਿ ਵੋਟਰ ਸੂਚੀਆਂ ਵਿੱਚ ਨਾਂਅ ਸ਼ਾਮਲ ਕਰਨਾ ਜਾਂ ਬਾਹਰ ਕੱਢਣਾ ਚੋਣ ਕਮਿਸ਼ਨ ਦੇ ਸੰਵਿਧਾਨਕ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਚੋਣ ਅਥਾਰਟੀ ਨੇ 65 ਲੱਖ ਲੋਕਾਂ ਦੇ ਨਾਂਅ ਜਾਰੀ ਕੀਤੇ ਸਨ, ਜਿਨ੍ਹਾਂ ਨੂੰ ਐੱਸ ਆਈ ਆਰ ਕਾਰਵਾਈ ਦੇ ਹਿੱਸੇ ਵਜੋਂ ਪ੍ਰਕਾਸ਼ਤ ਡਰਾਫਟ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤਾ ਗਿਆ ਸੀ। ਐੱਸ ਆਈ ਆਰ ਨੋਟੀਫਿਕੇਸ਼ਨ ਮੁਤਾ-ਬਕ ਜਿਹੜੇ ਵੋਟਰ 2002 ਜਾਂ 2003 ਦੀਆਂ ਸੂਚੀਆਂ ਵਿੱਚ ਮੌਜੂਦ ਨਹੀਂ ਸਨ, ਉਨ੍ਹਾਂ ਨੂੰ ਉਸ ਸਮੇਂ ਸੂਚੀਆਂ ਵਿੱਚ ਮੌਜੂਦ ਕਿਸੇ ਵਿਅਕਤੀ ਨਾਲ ਜੱਦੀ ਸੰਬੰਧ ਦਿਖਾਉਣੇ ਪਏ ਸਨ।ਐੱਸ ਆਈ ਆਰ ਕਾਰਵਾਈ ਦਾ ਬਚਾਅ ਕਰਦੇ ਹੋਏ, ਚੋਣ ਕਮਿਸ਼ਨ ਨੇ ਕਿਹਾ ਸੀ ਕਿ ਆਧਾਰ ਅਤੇ ਵੋਟਰ ਸ਼ਨਾਖਤੀ ਕਾਰਡਾਂ ਨੂੰ ਨਾਗਰਿਕਤਾ ਦੇ ਨਿਰਣਾਇਕ ਸਬੂਤ ਵਜੋਂ ਨਹੀਂ ਮੰਨਿਆ ਜਾ ਸਕਦਾ ਹੈ। ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ ਵੋਟਰ ਸੂਚੀਆਂ ਦੀ ਸੋਧ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐੱਨ ਆਰ ਸੀ) ਵਰਗੀ ਪ੍ਰਕਿਰਿਆ ਸੀ, ਜਿੱਥੇ ਚੋਣ ਸੰਸਥਾ ਨਾਗਰਿਕਤਾ ਦੀ ਪੁਸ਼ਟੀ ਕਰ ਰਹੀ ਸੀ, ਜੋ ਕਿ ਕੇਂਦਰ ਸਰਕਾਰ ਦੀ ਸ਼ਕਤੀ ਹੈ।

## ਪੰਜਾਬ ਸਰਕਾਰ ਵੱਲੋਂ ਤਿੰਨ ਦਿਨਾਂ ਅੰਦਰ ਸਟਰੇਅ ਐਨੀਮਲ ਕੰਟਰੋਲ ਟਾਸਕ ਫੋਰਸ ਬਣਾਉਣ ਦੇ ਹੁਕਮ

ਚੰਡੀਗੜ੍ਹ, ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਸਰਕਾਰ ਨੇ ਅੱਜ ਸੂਬੇ ਭਰ ਵਿੱਚ ਸਟਰੇਅ ਐਨੀਮਲ ਕੰਟਰੋਲ ਟਾਸਕ ਫੋਰਸ ਬਣਾਉਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਸਰਕਾਰ ਵੱਲੋਂ ਭੀੜ-ਭੜੱਕੇ ਵਾਲੇ ਅਤੇ ਸੰਵੇਦਨਸ਼ੀਲ ਜਨਤਕ ਸਥਾਨਾਂ ’ਤੇ ਅਵਾਰਾ ਕੁੱਤਿਆਂ ਖ਼ਿਲਾਫ਼ ਤੁਰੰਤ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸਰਕਾਰ ਨੇ ਸੂਬੇ ਦੇ ਸਾਰੇ ਸਕੂਲਾਂ, ਕਾਲਜਾਂ, ਹਸਪਤਾਲਾਂ, ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ, ਧਾਰਮਿਕ ਸਥਾਨਾਂ, ਪਾਰਕਾਂ ਅਤੇ ਖੇਡ ਕੰਪਲੈਕਸਾਂ ਨੂੰ ਨੋ-ਰਿਲੀਜ਼ ਜ਼ੋਨ ਐਲਾਨ ਦਿੱਤਾ ਹੈ। ਐਨੀਮਲ ਬਰਥ ਕੰਟਰੋਲ ਰੂਲਜ਼-2023 ਦੀ ਸੁਪਰੀਮ ਕੋਰਟ ਵੱਲੋਂ ਕੀਤੀ ਗਈ ਵਿਆਖਿਆ ਅਨੁਸਾਰ ਇਨ੍ਹਾਂ ਇਲਾਕਿਆਂ ਵਿੱਚੋਂ ਫੜੇ ਗਏ ਆਵਾਰਾ ਕੁੱਤਿਆਂ ਨੂੰ ਨਸਬੰਦੀ ਤੋਂ ਬਾਅਦ ਦੁਬਾਰਾ ਇਨ੍ਹਾਂ ਥਾਵਾਂ 'ਤੇ ਨਹੀਂ ਛੱਡਿਆ ਜਾਵੇਗਾ।

ਇੱਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਵਾਲੇ ਅਫ਼ਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਨਿੱਜੀ ਜਵਾਬਦੇਹੀ ਤੈਅ ਹੋਵੇਗੀ।ਸਥਾਨਕ ਸਰਕਾਰਾਂ ਵਿਭਾਗ ਵੱਲੋਂ ਜਾਰੀ ਕੀਤੇ ਗਏ ਸਰਕੂਲਰ ਵਿੱਚ ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਖਾਸ ਕਰਕੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮਾਂਬੱਧ ਤਰੀਕੇ ਨਾਲ ਕੰਮ ਕਰਨ। ਸਰਵਉੱਚ ਅਦਾਲਤ ਨੇ 19 ਮਈ ਦੇ ਆਪਣੇ ਹੁਕਮਾਂ ਅਤੇ ਇਸ ਤੋਂ ਪਹਿਲਾਂ 2025 ਵਿੱਚ ਦਿੱਤੇ ਫੈਸਲਿਆਂ ਵਿੱਚ ਸਪਸ਼ਟ ਕਿਹਾ ਸੀ ਕਿ ਸੰਵਿਧਾਨ ਦੀ ਧਾਰਾ 21 (ਜਿਉਣ ਦਾ ਅਧਿਕਾਰ) ਤਹਿਤ ਸਥਾਨਕ ਪ੍ਰਸ਼ਾਸਨ ਦਾ ਇਹ ਫਰਜ਼ ਹੈ ਕਿ ਉਹ ਨਾਗਰਿਕਾਂ ਨੂੰ ਆਵਾਰਾ ਕੁੱਤਿਆਂ ਦੇ ਆਤੰਕ ਤੋਂ ਬਚਾਏ।

## ਉਰਦੂ ਸ਼ਾਇਰੀ ਦੇ ਸੁਨਹਿਰੀ ਯੁੱਗ ਦਾ ਅੰਤ: ਮਸ਼ਹੂਰ ਸ਼ਾਇਰ ਪਦਮ ਸ਼੍ਰੀ ਡਾ. ਬਸ਼ੀਰ ਬਦਰ ਦਾ 91 ਸਾਲ ਦੀ ਉਮਰ ’ਚ ਦੇਹਾਂਤ

ਚੰਡੀਗੜ੍ਹ, ਉਰਦੂ ਸਾਹਿਤ ਅਤੇ ਗ਼ਜ਼ਲ ਦੀ ਦੁਨੀਆ ਤੋਂ ਇੱਕ ਬਹੁਤ ਹੀ ਦੁਖਦ ਅਤੇ ਹਿਰਦੇਵੇਦਕ ਖ਼ਬਰ ਸਾਹਮਣੇ ਆਈ ਹੈ। ਆਪਣੀ ਰੂਹਾਨੀ ਅਤੇ ਦਿਲ ਨੂੰ ਛੂਹ ਲੈਣ ਵਾਲੀ ਸ਼ਾਇਰੀ ਨਾਲ ਕਰੋੜਾਂ ਦਿਲਾਂ ’ਤੇ ਰਾਜ ਕਰਨ ਵਾਲੇ ਦੇਸ਼ ਦੇ ਮਸ਼ਹੂਰ ਉਰਦੂ ਕਵੀ ਡਾ. ਬਸ਼ੀਰ ਬਦਰ ਦਾ ਵੀਰਵਾਰ ਨੂੰ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਨ੍ਹਾਂ ਨੇ 91 ਸਾਲ ਦੀ ਉਮਰ ਵਿੱਚ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਖੇ ਆਖਰੀ ਸਾਹ ਲਿਆ। ਆਧੁਨਿਕ ਗ਼ਜ਼ਲ ਦੇ



ਅਸਲ ਉਸਤਾਦ ਮੰਨੇ ਜਾਣ ਵਾਲੇ ਬਸ਼ੀਰ ਬਦਰ ਦੇ ਅਕਾਲ ਚਲਾਣੇ ਨਾਲ ਪੂਰੇ ਕੌਮਾਂਤਰੀ ਸਾਹਿਤਕ ਹਲਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਇਸ ਮਹਾਨ ਫਨਕਾਰ ਦੇ ਤੁਰ ਜਾਣ ਦੀ ਭਾਵੁਕ ਖ਼ਬਰ ਉਨ੍ਹਾਂ ਦੀ ਪਤਨੀ ਰਾਹਤ ਬਦਰ ਨੇ ਸੋਸ਼ਲ ਮੀਡੀਆ ’ਤੇ ਸਾਂਝੀ ਕਰਦਿਆਂ ਲਿਖਿਆ, “ ਬਸ਼ੀਰ ਸਾਹਿਬ ਸਾਨੂੰ ਛੱਡ ਗਏ... ਪ੍ਰਾਰਥਨਾਵਾਂ। ਸਾਹਿਤ ਦੀ ਦੁਨੀਆ ਵਿੱਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਦੇਸ਼ ਦੇ ਵੱਕਾਰੀ ‘ਪਦਮ ਸ਼੍ਰੀ’ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।”

# ਮਨਰੇਗਾ ਖੈਰਾਤ ਨਹੀਂ, ਮਜ਼ਦੂਰ ਦਾ ਹੱਕ : ਐਨੀ ਰਾਜਾ

ਅੰਗੋਲ (ਆਂਧਰਾ ਪ੍ਰਦੇਸ਼) ) 'ਮਨਰੇਗਾ ਖੈਰਾਤ ਨਹੀਂ, ਇਹ ਮਜ਼ਦੂਰਾਂ ਦਾ ਹੱਕ ਹੈ, ਜੋ ਯੂ ਪੀ ਏ ਸਰਕਾਰ ਵੇਲੇ ਕਮਿਊਨਿਸਟਾਂ ਦੇ ਉਦਮ ਨਾਲ ਮਿਲਿਆ ਸੀ। ਮੌਜੂਦਾ ਮੋਦੀ ਸਰਕਾਰ ਮਜ਼ਦੂਰ ਦਾ ਜ਼ਰੂਰੀ ਹੱਕ ਖੋਹਣ ਦੇ ਰਾਹ ਤੁਰੀ ਹੋਈ ਹੈ, ਜੋ ਬਰਦਾਸ਼ਤਯੋਗ ਨਹੀਂ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦੇ ਸਕੱਤਰ ਐਨੀ ਰਾਜਾ ਨੇ ਕੀਤਾ। ਉਹ ਆਂਧਰਾ ਪ੍ਰਦੇਸ਼ ਦੇ ਪਰਕ-ਾਸਮ ਜ਼ਿਲ੍ਹੇ ਦੇ ਅੰਗੋਲ ਸ਼ਹਿਰ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦੀ ਮੀਟਿੰਗ ਤੋਂ ਪਹਿਲਾਂ ਹੋਏ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ''ਵੀ ਬੀ ਜੀ ਰਾਮ ਜੀ ਰਾਹੀਂ ਪੇਂਡੂ ਗਰੀਬਾਂ 'ਤੇ ਹਮਲਾ ਬੰਦ ਕਰੋ ਤੇ ਮਨਰੇਗਾ ਬਹਾਲ ਕਰੋ'' ਵਿਸ਼ੇ 'ਤੇ ਹੋਏ ਸੈਮੀਨਰ ਦੀ ਪ੍ਰਧਾਨਗੀ ਸੀ ਪੀ ਆਈ ਦੇ ਕੌਮੀ ਸਕੱਤਰ ਰਾਮਾ ਕ੍ਰਿਸ਼ਨ, ਸੀ ਪੀ ਆਈ ਆਂਧਰਾ ਪ੍ਰਦੇਸ਼ ਦੇ ਸਕੱਤਰ ਈਸ਼ਵਰੀਆ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪੇਰੀਆਸਾਮੀ, ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਸਕੱਤਰ ਵਿਜੈਂਦਰ ਸਿੰਘ ਨਿਰਮਲ, ਸਾਬਕਾ ਵਿਧਾਇਕ ਬਿਹਾਰ ਜਾਨਕੀ ਪਾਸਵਾਨ ਤੇ ਜੀ ਇਸਮਾਇਲ ਨੇ ਕੀਤੀ।ਐਨੀ ਰਾਜਾ ਨੇ ਕਿਹਾ ਮਨਰੇਗਾ ਪੇਂਡੂ ਮਜ਼ਦੂਰਾਂ ਦੇ ਇਤਿਹਾਸਕ ਸੰਘਰਸ਼ ਤੋਂ ਬਾਅਦ ਹੋਂਦ ਵਿੱਚ ਆਇਆ ਸੀ, ਜੋ ਕੰਮ ਦੇ ਹੱਕ ਦੀ ਕਾਨੂੰਨੀ ਗਰੰਟੀ ਦਿੰਦਾ ਸੀ। ਇਹ ਕੰਮ ਮੰਗਣ 'ਤੇ ਕੰਮ ਮੁਹੱਈਆ ਕਰਦਾ ਸੀ। ਇਹ ਕੰਮ ਨਾ ਮਿਲਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ ਲਈ ਪਾਬੰਦ ਸੀ। ਇਹ ਗ੍ਰਾਮ ਸਭਾਵਾਂ ਨੂੰ ਤਾਕਤ ਮੁਹੱਈਆ ਕਰਦਾ




ਸੀ। ਇਹ ਸਮਾਜਿਕ ਸੁਰੱਖਿਆ ਨੂੰ ਵੀ ਯਕੀਨੀ ਬਣਾਉਂਦਾ ਸੀ। ਇਹ ਪੇਂਡੂ ਮਜ਼ਦੂਰਾਂ, ਔਰਤਾਂ, ਦਲਿਤਾਂ, ਆਦਿਵਾਸੀਆਂ ਤੇ ਜ਼ਮੀਨ ਤੋਂ ਵਾਂਝੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਦਾ ਸੀ। ਕੰਮ ਦੀ ਕਾਨੂੰਨੀ ਗਰੰਟੀ ਲਈ ਖੱਬੀਆਂ ਧਿਰਾਂ ਚਿਰਾਂ ਤੋਂ ਯਤਨਸ਼ੀਲ ਸਨ। ਦੁਨੀਆ ਭਰ ਵਿੱਚ ਇਹ ਪਹਿਲਾ ਕਾਨੂੰਨ ਸੀ, ਜੋ ਵਿਆਪਕ ਪੱਧਰ 'ਤੇ ਰੁਜ਼ਗਾਰ ਮੁਹੱਈਆ ਕਰਵਾਉਂਦਾ ਸੀ। ਇਹ ਉਸ ਯਤਨ ਦੀ ਕਾਮਯਾਬੀ ਵੀ ਸੀ, ਜਦੋਂ ਅਸੀਂ 'ਹਰ ਹਾਥ ਕੋ ਕਾਮ ਦੋ, ਹਰ ਕਾਮ ਕੋ ਦਾਮ ਦੋ'' ਦੇ ਨਾਹਰੇ ਤਹਿਤ 52 ਜ਼ਿਲਿਆਂ ਵਿੱਚ 51 ਦਿਨ ਯਾਤਰਾ ਕੀਤੀ ਸੀ।

ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਇਸ ਕਾਨੂੰਨ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮੋਦੀ ਸਰਕਾਰ ਨੇ ਹੁਣ ਤਾਂ ਵੀ ਬੀ ਜੀ ਰਾਮ ਜੀ' ਲਿਆ ਕੇ ਜਿੱਥੇ ਲੋਕਾਂ ਨੂੰ ਗੁੰਮਰਾਹ ਕੀਤਾ, ਉਥੇ ਕੰਮ ਵੀ ਖੋਹ ਲਿਆ। ਉਹਨਾ ਕਿਹਾ ਕਿ ਭਾਰਤੀ ਖੇਤ ਮਜ਼ਦੂਰ ਯੂਨੀਅ ਆਪਣੀ ਕੌਮੀ ਕੌਂਸਲ ਦੀ ਮੀਟਿੰਗ ਵਿੱਚ ਠੋਸ ਤਰੀਕੇ ਨਾਲ ਤੈਅ ਕਰੇਗੀ ਕਿ ਮਨਰੇਗਾ ਬਚਾਉਣ ਲਈ ਕੀ ਕੁਝ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜਾਰ ਸਿੰਘ ਗੋਰੀਆ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰ ਵਰਗ ਨੂੰ ਮਨਰੇਗਾ ਰਾਹੀਂ ਆਰਥਿਕ ਤੇ ਸਮਾਜਿਕ ਖੇਤਰ ਵਿੱਚ ਕੁਝ ਸੁਰੱਖਿਆ ਪ੍ਰਾਪਤ ਹੋਈ ਸੀ। ਮੋਦੀ ਸਰਕਾਰ ਦੀਆਂ ਨੀਤੀਆਂ ਪੇਂਡੂ ਗਰੀਬ ਵਰਗ ਨੂੰ ਪੂਰੀ ਤਰ੍ਹਾਂ ਅਧਿਕਾਰ ਤੋਂ ਵੰਚਿਤ ਕਰ ਰਹੀਆਂ ਹਨ। ਉਹਨਾ ਕਿਹਾ ਕਿ ਖੱਬੀਆਂ ਧਿਰਾਂ ਮਨਰੇਗਾ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਦ੍ਰਿੜ੍ਹ ਹਨ।ਸੈਮੀਨਾਰ ਨੂੰ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਵੀ ਐੱਸ ਨਿਰਮਲ, ਸੀ ਪੀ ਆਈ ਦੇ ਕੌਮੀ ਸਕੱਤਰ ਰਾਮ ਕ੍ਰਿਸ਼ਨ, ਸੀ ਪੀ ਆਈ ਆਂਧਰਾ ਪ੍ਰਦੇਸ਼ ਦੇ ਸਕੱਤਰ ਈਸ਼ਵਰੀਆ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪੇਰੀਆਸਾਮੀ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਦੀ ਇਪਟਾ ਟੀਮ ਵੱਲੋਂ ਦਲਿਤ ਅਤੇ ਮਜ਼ਦੂਰ ਵਰਗ ਦੀ ਆਵਾਜ਼ ਨੂੰ ਗੀਤ-ਸੰਗੀਤ ਰਾਹੀਂ ਉਭਾਰਿਆ ਗਿਆ।

# ਬਠਿੰਡਾ ਵਿੱਚ ਪਾਰਾ 45.8 ਡਿਗਰੀ ਤੱਕ ਪਹੁੰਚਿਆ, ਮੌਸਮ ਵਿਭਾਗ ਨੇ ਜਾਰੀ ਕੀਤੀ ਚੇਤਾਵਨੀ



ਪੰਜਾਬ ਅਤੇ ਛਹਓਨਦਿਗਓਰਹ ਵਿੱਚ ਇਨ੍ਹਾਂ ਦਿਨਾਂ ਭਿਆਨਕ ਗਰਮੀ ਪੈ ਰਹੀ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਵੱਲੋਂ ਅੱਜ ਪੰਜਾਬ ਅਤੇ ਚੰਡੀਗੜ੍ਹ ਲਈ ਹੀਟਵੇਵ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ, ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਦਾ ਮੌਸਮ ਪੂਰੀ ਤਰ੍ਹਾਂ ਖੁਸ਼ਕ ਰਿਹਾ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਬਠਿੰਡਾ ਵਿੱਚ 45.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ 27 ਮਈ ਤੱਕ ਪੰਜਾਬ ਵਿੱਚ ਗੰਭੀਰ ਗਰਮੀ ਦੀ ਸਥਿਤੀ ਬਣੀ ਰਹਿਣ ਦੀ ਸੰਭਾਵਨਾ ਜਤਾਈ ਹੈ। ਵਿਭਾਗ ਮੁਤਾਬਕ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਮੁਕਤਸਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ, ਸਾਹਿਬ, ਫਤਿਹਗੜ੍ਹ ਰੂਪਨਗਰ, ਪਟਿਆਲਾ ਅਤੇ ਮੋਹਾਲੀ ਵਿੱਚ ਭਾਰੀ ਗਰਮੀ ਦਾ ਅਸਰ ਰਹਿਣ ਦੀ ਸੰਭਾਵਨਾ ਹੈ। ਹਾਲਾਂਕਿ, 28 ਮਈ ਤੋਂ ਮੌਸਮ ਵਿੱਚ ਤਬਦੀਲੀ ਆਉਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ 28 ਅਤੇ 29 ਮਈ ਨੂੰ ਪੰਜਾਬ ਦੇ ਕਈ ਇਲਾਕਿਆਂ ਵਿੱਚ ਅਚਾਨਕ ਮੌਸਮ ਬਦਲ ਸਕਦਾ ਹੈ। ਇਸ ਦੌਰਾਨ ਤੇਜ਼ ਹਵਾਵਾਂ, ਗਰਜ-ਤੂਫ਼ਾਨ ਅਤੇ ਗੜੇਮਾਰੀ ਹੋਣ ਦੀ ਸੰਭਾਵਨਾ ਵੀ ਜਤਾਈ ਗਈ ਹੈ। ਹਵਾਵਾਂ ਦੀ ਰਫ਼ਤਾਰ 60 ਤੋਂ 70 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਦੋ ਦਿਨਾਂ ਤੱਕ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ, ਜਿਸ ਨਾਲ ਤਾਪਮਾਨ ਵਿੱਚ 6 ਤੋਂ 8 ਡਿਗਰੀ ਸੈਲਸੀਅਸ ਤੱਕ ਦੀ ਕਮੀ ਆ ਸਕਦੀ ਹੈ। ਇਸ ਨਾਲ ਲੋਕਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ।

# ਟਵਿਸ਼ਾ ਸ਼ਰਮਾ ਦੀ ਮੌਤ ਦਾ ਮਾਮਲਾ, ਟਵਿਸ਼ਾ ਦੀ ਸੱਸ ਗਿਰਿਬਾਲਾ ਸਿੰਘ ਗ੍ਰਿਫ਼ਤਾਰ



**ਭੋਪਾਲ:** ਭੋਪਾਲ ਵਿੱਚ ਟਵਿਸ਼ਾ ਸ਼ਰਮਾ ਮੌਤ ਮਾਮਲੇ ਵਿੱਚ ਸਾਬਕਾ ਜੱਜ ਗਿਰਿਬਾਲਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਟਵਿਸ਼ਾ ਦੀ ਸੱਸ ਗਿਰਿਬਾਲਾ ਦੇ ਘਰ ਛਭੀ ਦੀ ਟੀਮ ਅੱਜ ਅਚਾਨਕ ਪਹੁੰਚ ਗਈ ਸੀ। ਦਰਅਸਲ ਮੱਧ ਪ੍ਰਦੇਸ਼ ਹਾਈ ਕੋਰਟ ਨੇ ਟਵਿਸ਼ਾ ਸ਼ਰਮਾ ਕੇਸ ਵਿੱਚ ਸਾਬਕਾ ਜੱਜ ਗਿਰਿਬਾਲਾ ਸਿੰਘ ਨੂੰ ਮਿਲੀ ਅਗਾਂਊਂ ਜ਼ਮਾਨਤ ਰੱਦ ਕਰ ਦਿੱਤੀ ਸੀ। ਇਸ ਤੋਂ ਬਾਅਦ ਉਨ੍ਹਾਂ ਕੋਲੋਂ ਛਭੀ ਨੇ ਪੁੱਛਗਿੱਛ ਕੀਤੀ ਅਤੇ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸਵੇਰੇ ਜਾਣਕਾਰੀ ਮਿਲੀ ਸੀ ਕਿ ਗਿਰਿਬਾਲਾ ਸਿੰਘ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਸੀ। ਸੀ.ਬੀ.ਆਈ. ਦੇ 3 ਅਧਿਕਾਰੀ ਕਰੀਬ 10:30 ਵਜੇ ਗਿਰਿਬਾਲਾ ਸਿੰਘ ਦੇ ਘਰ ਪਹੁੰਚੇ ਸਨ। ਇਸ ਦੌਰਾਨ ਗਿਰਿਬਾਲਾ ਸਿੰਘ ਦੇ ਵਕੀਲ ਇਨੋਸ਼ ਜਾਰਜ ਕਾਰਲੋ ਵੀ ਘਰ ਪਹੁੰਚੇ।

# ਅੰਮ੍ਰਿਤਸਰ ਦੇ ਰਾਮਬਾਗ ਇਲਾਕੇ ਦੇ ਬਾਂਸਾਂ ਵਾਲੇ ਬਾਜ਼ਾਰ 'ਚ ਲੱਗੀ ਅੱਗ, ਇਕ ਵਿਅਕਤੀ ਦੀ ਮੌਤ




ਅੰਮ੍ਰਿਤਸਰ : ਅੰਮ੍ਰਿਤਸਰ ਦੇ ਰਾਮਬਾਗ ਇਲਾਕੇ ਦੇ ਬਾਂਸਾਂ ਵਾਲੇ ਬਾਜ਼ਾਰ ਦੇ ਵਿੱਚ ਭਿਆਨਕ ਅੱਗ ਲੱਗਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਭਿਆਨਕ ਅੱਗ ਨੇ ਛੇ-ਸੱਤ ਦੁਕਾਨਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਇਨ੍ਹਾਂ ਦੁਕਾਨਾਂ 'ਚ ਪਿਆ ਸਮਾਨ ਸੜ ਕੇ ਸੁਆਹ ਹੋ ਗਿਆ। ਜਦਕਿ ਇਕ ਵਿਅਕਤੀ ਦੇ ਵੀ ਇਸ ਅੱਗ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਜਾਣ ਦੀ ਖ਼ਬਰ ਸਾਹ-ਮਣੇ ਆਈ ਹੈ।ਇਸ ਮੌਕੇ ਇੱਕ ਦੁਕਾਨਦਾਰ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਸ ਦੀਆਂ ਦੋ ਦੁਕਾਨਾਂ ਪੂਰੀ ਤਰ੍ਹਾਂ ਅੱਗ ਨਾਲ ਸੜ ਕੇ ਸੁਆਹ ਹੋ ਗਈਆਂ ਹਨ। ਉਸ ਨੇ ਦੱਸਿਆ ਕਿ ਉਸ ਵੱਲੋਂ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ ਗਿਆ ਪਰ ਫਾਇਰ ਬ੍ਰਿਗੇਡ ਤਕਰੀਬਨ ਅੱਧਾ ਪੌਣਾ ਘੰਟਾ ਲੇਟ ਪਹੁੰਚੀ ਜਿਸ ਕਾਰਨ ਉਸ ਦੀਆਂ ਦੁਕਾਨਾਂ ਪੂਰੀ ਤਰ੍ਹਾਂ ਦੇ ਨਾਲ ਸੜ ਗਈਆਂ। ਮੌਕੇ 'ਤੇ ਇਲਾਕੇ ਦੇ ਵਿਧਾਇਕ ਅਜੇ ਗੁਪਤਾ ਵੀ ਪਹੁੰਚੇ। ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਅਜੇ ਗੁਪਤਾ ਨੇ ਕਿਹਾ ਕਿ ਉਹਨਾਂ ਨੂੰ ਜਦੋਂ ਪਤਾ ਲੱਗਾ ਉਹ ਉਸੇ ਵੇਲੇ ਹੀ ਅੱਗ ਵਾਲੀ ਜਗ੍ਹਾ 'ਤੇ ਪਹੁੰਚ ਗਏ। ਇਸ ਮੌਕੇ 'ਤੇ ਫਾਇਰ ਬ੍ਰਿਗੇਡ ਦੇ ਪ੍ਰਮੁੱਖ ਅਧਿਕਾਰੀ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਫਾਇਰ ਬ੍ਰਿਗੇਡ ਦੀਆਂ ਤਕਰੀਬਨ ਪੰਜ ਗੱਡੀਆਂ ਮੌਕੇ 'ਤੇ ਪਹੁੰਚ ਚੁੱਕੀਆਂ ਹਨ ਅਤੇ ਅੱਗ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ

# ਗੰਗਾ ਨਦੀ ਵਿੱਚ ਡੁੱਬੀ 14 ਲੋਕਾਂ ਨੂੰ ਲੈ ਕੇ ਜਾ ਰਹੀ ਕਿਸ਼ਤੀ, ਦੋ ਮੌਤਾਂ ਅਤੇ ਪੰਜ ਲਾਪਤਾ



ਬਿਹਾਰ ਦੇ ਬਾੜ ਜ਼ਿਲ੍ਹੇ ਤੋਂ ਇੱਕ ਬਹੁਤ ਹੀ ਗੰਭੀਰ ਅਤੇ ਦੁਖਦਾਈ ਖ਼ਬਰ ਆ ਰਹੀ ਹੈ। ਬਾੜ ਦੇ ਮਸ਼ਹੂਰ ਉਮਨਾਥ ਗੰਗਾ ਘਾਟ 'ਤੇ ਅੱਜ ਸਵੇਰੇ ਇੱਕ ਵੱਡਾ ਕਿਸ਼ਤੀ ਹਾਦਸਾ ਵਾਪਰਿਆ। 14 ਲੋਕਾਂ ਨੂੰ ਲੈ ਕੇ ਦਿਆਰਾ ਜਾ ਰਹੀ ਇੱਕ ਕਿਸ਼ਤੀ ਅਚਾਨਕ ਗੰਗਾ ਨਦੀ ਵਿੱਚ ਡੁੱਬ ਗਈ। ਰਿਪੋਰਟਾਂ ਅਨੁਸਾਰ, ਹੁਣ ਤੱਕ ਸੱਤ ਲੋਕਾਂ ਨੂੰ ਬਚਾਇਆ ਗਿਆ ਹੈ, ਜਦੋਂ ਕਿ ਦੋ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਬਾਕੀ ਪੰਜ ਬਚੇ ਲੋਕਾਂ ਦੀ ਭਾਲ ਲਈ ਬਚਾਅ ਕਾਰਜ ਜਾਰੀ ਹਨ।

ਦੱਸਿਆ ਜਾ ਰਿਹਾ ਹੈ ਕਿ ਅੱਜ ਸਵੇਰੇ ਲੋਕ ਉਮਾਨਾਥ ਗੰਗਾ ਘਾਟ ਤੋਂ ਦਿਆਰਾ ਖੇਤਰ ਵੱਲ ਕਿਸ਼ਤੀ ਰਾਹੀਂ ਯਾਤਰਾ ਕਰ ਰਹੇ ਸਨ। ਅਚਾਨਕ, ਕਿਸ਼ਤੀ ਸੰਤੁਲਨ ਗੁਆ ਬੈਠੀ ਅਤੇ ਨਦੀ ਦੇ ਵਿਚਕਾਰ ਪਲਟ ਗਈ, ਅਤੇ ਸਾਰੇ 14 ਲੋਕ ਗੰਗਾ ਵਿੱਚ ਡੁੱਬ ਗਏ। ਚੀਕ ਚਿਹਾੜਾ ਮਚਣ ਤੋਂ ਬਾਅਦ ਕੁਝ ਲੋਕਾਂ ਨੂੰ ਤੁਰੰਤ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ। ਹਾਲਾਂਕਿ, ਦੁਖਦਾਈ ਤੌਰ 'ਤੇ, ਦੋ ਲੋਕਾਂ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।ਘਟਨਾ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਮੌਕੇ 'ਤੇ ਮੌਜੂਦ ਅਧਿਕਾਰੀ ਅਤੇ ਪ੍ਰਸ਼ਾਸਨਿਕ ਕਰਮਚਾਰੀ ਤੁਰੰਤ ਹਰਕਤ ਵਿੱਚ ਆ ਗਏ। ਹਾਦਸੇ ਦੀ ਖ਼ਬਰ ਮਿਲਦੇ ਹੀ ਸਥਾਨਕ ਪ੍ਰਸ਼ਾਸਨ ਪੁਲਿਸ ਮੌਕੇ 'ਤੇ ਪਹੁੰਚਿਆ ਅਤੇ ਬਚਾਅ ਟੀਮਾਂ ਬਾਕੀ ਪੰਜ ਲਾਪਤਾ ਲੋਕਾਂ ਨੂੰ ਜਲਦੀ ਤੋਂ ਜਲਦੀ ਲੱਭਣ ਲਈ ਨਦੀ ਵਿੱਚ ਲਗਾਤਾਰ ਖੋਜ ਕਾਰਜ ਚਲਾ ਰਹੀਆਂ ਹਨ। ਘਾਟ 'ਤੇ ਇੱਕ ਵੱਡੀ ਭੀੜ ਇਕੱਠੀ ਹੋ ਗਈ ਹੈ, ਅਤੇ ਪਰਿਵਾਰਕ ਮੈਂਬਰ ਰੋ ਰਹੇ ਹਨ।

# ਅਮਰੀਕਾ ਵਿੱਚ ਕਰਨਾਲ ਦੇ ਨੌਜਵਾਨ ਦੀ ਹਾਦਸੇ 'ਚ ਮੌਤ

**ਕਰਨਾਲ:** ਅਮਰੀਕਾ ਦੇ ਕੈਲੀਫੋਰਨੀਆ ਵਿੱਚ ਕਰਨਾਲ ਦੇ ਇੱਕ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਨੌਜਵਾਨ ਟਰੱਕ ਡਰਾਈਵਰ ਸੀ। ਹਾਦਸੇ ਦੌਰਾਨ ਉਸ ਦਾ ਟਰੱਕ ਬੇਕਾਬੂ ਹੋ ਕੇ ਖਾਈ ਵਿੱਚ ਜਾ ਡਿੱਗਿਆ। ਘਟਨਾ ਦੀ ਸੂਚਨਾ ਜਿਵੇਂ ਹੀ ਪਰਿਵਾਰ ਤੱਕ ਪਹੁੰਚੀ, ਘਰ ਵਿੱਚ ਮਾਤਮ ਛਾ ਗਿਆ। ਪਰਿਵਾਰ ਹੁਣ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਸਰਕਾਰ ਤੋਂ ਮਦਦ ਦੀ ਮੰਗ ਕਰ ਰਿਹਾ ਹੈ ਅਤੇ ਇਸ ਦੇ ਲਈ ਫੰਡ ਵੀ ਇਕੱਠਾ ਕੀਤਾ ਜਾ ਰਿਹਾ ਹੈ।

ਪਿੰਡ ਬਾਲਰਾਗੜਾਨ ਦਾ ਰਹਿਣ ਵਾਲਾ ਗੌਰਵ ਕੁਮਾਰ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਸੁਧਾਰਨ ਲਈ ਕਰੀਬ 2 ਸਾਲ ਪਹਿਲਾਂ ਅਮਰੀਕਾ ਗਿਆ ਸੀ। ਉਸ ਨੂੰ ਵਿਦੇਸ਼ ਭੇਜਣ ਲਈ ਉਸ ਦੇ ਪਿਤਾ ਰਾਮਫਲ ਨੇ ਜ਼ਮੀਨ ਤੱਕ ਵੇਚ ਦਿੱਤੀ ਸੀ ਅਤੇ ਕਰਜ਼ਾ ਵੀ ਲਿਆ ਸੀ। ਪਰਿਵਾਰ ਨੇ ਕਰੀਬ 50 ਲੱਖ ਰੁਪਏ ਖਰਚ ਕੀਤੇ ਸਨ। ਗੌਰਵ ਡੰਕੀ ਰੂਟ ਰਾਹੀਂ ਕਈ ਮਹੀਨਿਆਂ ਵਿੱਚ ਅਮਰੀਕਾ ਪਹੁੰਚਿਆ ਸੀ।

ਅਮਰੀਕਾ ਪਹੁੰਚਣ ਤੋਂ ਬਾਅਦ ਗੌਰਵ ਨੇ ਸ਼ੁਰੂਆਤ ਵਿੱਚ ਕਰੀਬ ਛੇ ਮਹੀਨੇ ਟਰੱਕ ਚਲਾਇਆ। ਬਾਅਦ ਵਿੱਚ ਉਹ ਇੱਕ ਸਟੋਰ 'ਤੇ ਕੰਮ ਕਰਨ ਲੱਗ ਪਿਆ, ਪਰ ਉੱਥੇ ਆਮਦਨ ਘੱਟ ਹੋਣ ਕਾਰਨ ਉਸ ਨੇ



ਦੁਬਾਰਾ ਟਰੱਕ ਚਲਾਉਣ ਦਾ ਫੈਸਲਾ ਕੀਤਾ। ਪਰਿਵਾਰ ਨੂੰ ਉਮੀਦ ਸੀ ਕਿ ਇਸ ਨਾਲ ਘਰ ਦੀ ਆਰਥਿਕ ਹਾਲਤ ਸੁਧਰੇਗੀ।

**26 ਮਈ ਨੂੰ ਆਖਰੀ ਵਾਰ ਘਰ ਕੀਤਾ ਸੀ ਫੋਨ**

ਜਾਣਕਾਰੀ ਮੁਤਾਬਕ 26 ਮਈ ਨੂੰ ਗੌਰਵ ਟਰੱਕ ਲੈ ਕੇ ਨਿਕਲਿਆ ਸੀ। ਰਸਤੇ ਵਿੱਚ ਇੱਕ ਰੈਸਟੋਰੈਂਟ 'ਤੇ ਚਾਹ ਪੀਣ ਲਈ ਰੁਕਿਆ ਅਤੇ ਉਸ ਨੇ ਘਰ ਫੋਨ ਕਰਕੇ ਦੱਸਿਆ ਕਿ ਉਹ ਟਰੱਕ ਚਲਾ ਰਿਹਾ ਹੈ ਅਤੇ ਕੁਝ ਦੇਰ ਬਾਅਦ ਫਿਰ ਗੱਲ ਕਰੇਗਾ। ਇਹ ਕਾਲ ਉਸ ਦੀ ਜ਼ਿੰਦਗੀ ਦੀ ਆਖਰੀ ਕਾਲ ਸਾਬਤ ਹੋਈ।

**ਟਰੱਕ ਦਾ ਸੰਤੁਲਨ ਵਿਗੜਿਆ, ਖੱਡ ਵਿੱਚ ਡਿੱਗਣ ਕਾਰਨ ਮੌਤ**

ਰੈਸਟੋਰੈਂਟ ਤੋਂ ਨਿਕਲਣ ਤੋਂ ਬਾਅਦ ਉਹ ਕੁਝ ਹੀ ਦੂਰੀ 'ਤੇ ਗਿਆ ਸੀ ਕਿ ਅਚਾਨਕ ਟਰੱਕ ਦਾ ਸੰਤੁਲਨ ਵਿਗੜ ਗਿਆ ਅਤੇ ਟਰੱਕ ਖੱਡ ਵਿੱਚ ਜਾ ਡਿੱਗਿਆ। ਇਸ ਹਾਦਸੇ ਵਿੱਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। 27 ਮਈ ਨੂੰ ਦੁਪਹਿਰ ਕਰੀਬ ਢਾਈ ਵਜੇ ਪਰਿਵਾਰ ਨੂੰ ਫੋਨ ਆਇਆ, ਜਿਸ ਵਿੱਚ ਪੁਲਿਸ ਨੇ ਹਾਦਸੇ ਅਤੇ ਮੌਤ ਦੀ ਜਾਣਕਾਰੀ ਦਿੱਤੀ।

**ਇਕਲੌਤਾ ਪੁੱਤਰ ਸੀ, ਪਰਿਵਾਰ 'ਤੇ ਟੁੱਟਿਆ ਦੁੱਖਾਂ ਦਾ ਪਹਾੜ**

ਗੌਰਵ ਕੁਮਾਰ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਇੱਕ ਭੈਣ ਹੈ, ਜਿਸ ਦਾ ਵਿਆਹ ਹੋ ਚੁੱਕਾ ਹੈ। ਪਿਤਾ ਰਾਮਫਲ ਨੇ ਦੱਸਿਆ ਕਿ ਗੌਰਵ ਹਰ ਰੋਜ਼ ਸਵੇਰੇ ਕਰੀਬ 8 ਵਜੇ ਘਰ ਫੋਨ ਕਰਦਾ ਸੀ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਨਾਲ ਗੱਲ ਕਰਦਾ ਸੀ, ਪਰ 26 ਮਈ ਦੀ ਕਾਲ ਆਖਰੀ ਸਾਬਤ ਹੋਈ।

# 29ਮਈ ਨੂੰ ਹੋਵੇਗੀ ਵੋਟਾਂ ਦੀ ਗਿਣਤੀ

## ਨਗਰ ਕੌਂਸਲ ਨਵਾਂਸ਼ਹਿਰ, ਰਾਹੋਂ ਅਤੇ ਬੰਗਾਂ ਦੀ ਵੋਟਾਂ ਦੀ ਗਿਣਤੀ ਦੇ ਸਾਰੇ ਪ੍ਰਬੰਧ ਮੁਕੰਮਲ: ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ

**ਐਸ.ਬੀ.ਐਸ. ਨਗਰ, 28 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਤਿੰਨ ਨਗਰ ਕੌਂਸਲਾਂ ਨਵਾਂਸ਼ਹਿਰ, ਰਾਹੋਂ ਅਤੇ ਬੰਗਾਂ ਦੀਆਂ ਚੋਣਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਦਿੰਦਿਆ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਚੋਣਾਂ ਤਿੰਨ ਨਗਰ ਕੌਂਸਲਾਂ ਦੇ 45 ਵਾਰਡਾਂ



ਲਈ ਹੋਈਆਂ, ਜਿਨ੍ਹਾਂ ਵਿੱਚ ਬੰਗਾ ਦੇ 15 ਵਾਰਡ, ਨਵਾਂਸ਼ਹਿਰ ਦੇ 19 ਵਾਰਡ ਅਤੇ ਰਾਹੋਂ ਨਗਰ ਕੌਂਸਲ ਦੇ 11 ਵਾਰਡ ਸ਼ਾਮਲ ਹਨ। ਚੋਣਾਂ ਲਈ ਕੁੱਲ 148 ਉਮੀਦਵਾਰ ਮੈਦਾਨ ਵਿੱਚ ਸਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨਗਰ ਕੌਂਸਲ ਚੋਣ ਲਈ 60.70 ਫੀਸਦੀ ਮਤਦਾਨ ਹੋਇਆ ਸੀ। ਜਿਸ ਦੀ ਗਿਣਤੀ 29 ਮਈ ਨੂੰ ਹੋਵੇਗੀ। ਉਨ੍ਹਾਂ ਦੱਸਿਆ ਨਗਰ ਕੌਂਸਲ ਨਵਾਂਸ਼ਹਿਰ ਦੀ ਗਿਣਤੀ ਲਈ ਗਿਣਤੀ ਕੇਂਦਰ ਆਰ.ਕੇ. ਆਰਿਆ ਕਾਲਜ ਨਵਾਂਸ਼ਹਿਰ ਵਿਖੇ ਬਣਾਇਆ ਗਿਆ ਹੈ। ਇਸ ਤਰ੍ਹਾਂ ਨਗਰ ਕੌਂਸਲ ਰਾਹੋਂ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਰਾਹੋਂ ਵਿਖੇ ਗਿਣਤੀ ਕੇਂਦਰ ਬਣਾਇਆ ਗਿਆ ਹੈ ਅਤੇ ਬੰਗਾ ਨਗਰ ਕੌਂਸਲ ਲਈ ਜੀ.ਐਨ ਕਾਲਜ ਫਾਰ ਵੋਮੈਨ ਬੰਗਾਂ ਵਿਖੇ ਗਿਣਤੀ ਕੇਂਦਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗਿਣਤੀ 29 ਮਈ ਨੂੰ ਸਵੇਰੇ 08:00 ਵਜੇ ਸ਼ੁਰੂ ਹੋਵੇਗੀ। ਉਨ੍ਹਾਂ ਦੱਸਿਆ ਕਿ ਗਿਣਤੀ ਕੇਂਦਰਾਂ 'ਤੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਅਮਲੇ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਗਿਣਤੀ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਨਾਲ ਨੇਪਰੇ ਚਾੜ੍ਹੀ ਜਾਵੇਗੀ।

# ਰਾਸ਼ਨ ਵੰਡ ਪ੍ਰਣਾਲੀ 'ਚ ਨਵੇਂ ਨਿਯਮਾਂ ਖ਼ਿਲਾਫ਼ ਨਵਾਂਸ਼ਹਿਰ ਦੇ ਡਿਪੂ ਹੋਲਡਰਾਂ ਨੇ ਖੋਲ੍ਹਿਆ ਮੋਰਚਾ; ਮੁੱਖ ਮੰਤਰੀ ਦੇ ਨਾਂ ਸੌਂਪਿਆ

**ਨਵਾਂਸ਼ਹਿਰ, 28 ਮਈ (ਜਤਿੰਦਰਪਾਲ ਸਿੰਘ ਕਲੇਰ)**: ਡਿਪੂ ਹੋਲਡਰ ਐਸੋਸੀਏਸ਼ਨ ਜ਼ਿਲ੍ਹਾ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਅੱਜ ਖ਼ੁਰਾਕ ਤੇ ਸਪਲਾਈ ਵਿਭਾਗ ਵੱਲੋਂ ਰਾਸ਼ਨ ਵੰਡ ਪ੍ਰਣਾਲੀ ਅਤੇ ਪਰਚੀਆਂ ਕੱਟਣ ਦੇ ਨਵੇਂ ਨਿਯਮਾਂ ਖ਼ਿਲਾਫ਼ ਸਖ਼ਤ ਰੋਸ ਜਤਾਇਆ ਗਿਆ। ਐਸੋਸੀਏਸ਼ਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ 'ਤੇ ਡਿਪਟੀ ਕਮਿਸ਼ਨਰ ਨਵਾਂਸ਼ਹਿਰ ਅਤੇ ਹਲਕਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਬਲਾਚੌਰ ਨੂੰ ਇੱਕ ਮੰਗ ਪੱਤਰ ਭੇਜ ਕੇ ਇਸ ਨਵੀਂ ਪ੍ਰਕਿਰਿਆ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ ਹੈ।

ਡਿਪੂ ਹੋਲਡਰਾਂ ਨੇ ਦੱਸਿਆ ਕਿ ਪਹਿਲਾਂ ਤਿੰਨ ਮਹੀਨਿਆਂ ਦਾ ਰਾਸ਼ਨ ਵੰਡਣ ਲਈ ਈ-ਪੋਸ ਮਸ਼ੀਨ ਰਾਹੀਂ ਸਿਰਫ਼ ਇੱਕ ਹੀ ਪਰਚੀ ਜਾਰੀ ਹੁੰਦੀ ਸੀ, ਜੋ ਕਿ ਬਹੁਤ ਸੁਖਾਲੀ ਪ੍ਰਕਿਰਿਆ ਸੀ। ਪਰ ਹੁਣ ਖ਼ੁਰਾਕ ਸਪਲਾਈ ਵਿਭਾਗ ਵੱਲੋਂ ਜਾਰੀ ਕੀਤੇ ਫ਼ਰਮਾਨ ਮੁਤਾਬਕ ਹਰ ਮਹੀਨੇ ਦੀ ਵੱਖਰੀ ਪਰਚੀ (ਯਾਨੀ 3 ਮਹੀਨਿਆਂ ਦੀਆਂ 3 ਪਰਚੀਆਂ) ਅਤੇ ਰਾਸ਼ਨ ਕਿੱਟ ਲਈ ਇੱਕ ਹੋਰ ਵੱਖਰੀ ਪਰਚੀ ਕੱਟਣ ਦੇ ਹੁਕਮ ਦਿੱਤੇ ਗਏ ਹਨ। ਐਸੋਸੀਏਸ਼ਨ ਦੇ ਆਗੂਆਂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਇੱਕ ਖਪਤਕਾਰ (ਕਾਰਡ ਹੋਲਡਰ) ਲਈ ਕੁੱਲ ਚਾਰ ਪਰਚੀਆਂ ਕੱਟਣੀਆਂ ਪੈਣਗੀਆਂ, ਜਿਸ ਕਾਰਨ ਸਮੇਂ ਦੀ ਭਾਰੀ ਬਰਬਾਦੀ ਹੋਵੇਗੀ। ਇੱਕ ਪਰਚੀ ਕੱਟਣ ਵਿੱਚ



ਕਰੀਬ 8 ਤੋਂ 10 ਮਿੰਟ ਦਾ ਸਮਾਂ ਲੱਗਦਾ ਹੈ, ਜਿਸ ਨਾਲ ਡਿਪੂ ਹੋਲਡਰਾਂ ਦਾ ਕੰਮ ਚਾਰ ਗੁਣਾ ਵੱਧ ਗਿਆ ਹੈ ਅਤੇ ਲੰਮਾ ਸਮਾਂ ਲੱਗਣ ਕਾਰਨ ਡਿਪੂਆਂ 'ਤੇ ਖਪਤਕਾਰਾਂ ਦੀਆਂ ਲੰਮੀਆਂ ਕਤਾਰਾਂ ਲੱਗ ਰਹੀਆਂ ਹਨ। ਪਿੰਡਾਂ ਵਿੱਚ ਇੰਟਰਨੈੱਟ ਅਤੇ ਨੈੱਟਵਰਕ ਦੀ ਰੇਂਜ ਘੱਟ ਹੋਣ ਕਾਰਨ ਮਸ਼ੀਨਾਂ ਹੌਲੀ ਚੱਲਦੀਆਂ ਹਨ, ਜਿਸ ਨਾਲ ਇਹ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਭਿਆਨਕ ਗਰਮੀ ਦੇ ਇਸ ਮੌਸਮ ਵਿੱਚ ਬਜ਼ੁਰਗਾਂ, ਮਹਿਲਾਵਾਂ ਅਤੇ ਹੋਰ ਖਪਤਕਾਰਾਂ ਨੂੰ ਘੰਟਿਆਂ ਬੱਧੀ ਲਾਈਨਾਂ ਵਿੱਚ ਖੜ੍ਹਨਾ ਪੈ ਰਿਹਾ ਹੈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਹੈ।

ਡਿਪੂ ਹੋਲਡਰਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਵੱਖ-ਵੱਖ ਪਰਚੀਆਂ ਕੱਟਣ ਕਾਰਨ ਰੋਲ ਪੇਪਰ (ਪਰਚੀ ਵਾਲਾ ਕਾਗਜ਼) ਅਤੇ ਸਟੇਸ਼ਨਰੀ ਦਾ ਖ਼ਰਚਾ ਵੀ ਤਿੰਨ ਤੋਂ ਚਾਰ ਗੁਣਾ ਵੱਧ ਗਿਆ ਹੈ। ਇਸ ਵਾਧੂ ਖ਼ਰਚੇ ਕਾਰਨ ਡਿਪੂ ਹੋਲਡਰਾਂ 'ਤੇ ਵੱਡਾ ਆਰਥਿਕ ਬੋਝ ਪੈ ਰਿਹਾ ਹੈ। ਉਨ੍ਹਾਂ ਇਸ ਫ਼ੈਸਲੇ ਨੂੰ ਮਾਰੂ ਨੀਤੀ ਦੱਸਦਿਆਂ ਕਿਹਾ ਕਿ ਸਰਕਾਰ ਨੂੰ ਲੋਕ ਹਿਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਨਵੇਂ ਤਜਰਬੇ ਨਹੀਂ ਕਰਨੇ ਚਾਹੀਦੇ। ਮੰਗ ਪੱਤਰ ਰਾਹੀਂ ਡਿਪੂ ਹੋਲਡਰ ਐਸੋਸੀਏਸ਼ਨ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਹਰ ਮਹੀਨੇ ਦੀਆਂ ਵੱਖ-ਵੱਖ ਪਰਚੀਆਂ ਜਾਰੀ ਕਰਨ ਦਾ ਇਹ ਨਵਾਂ ਸਿਸਟਮ ਤੁਰੰਤ ਰੱਦ ਕੀਤਾ ਜਾਵੇ ਅਤੇ ਇਸ ਦੀ ਜਗ੍ਹਾ ਪਹਿਲਾਂ ਵਾਂਗ ਹੀ ਇੱਕੋ ਪਰਚੀ ਰਾਹੀਂ ਤਿੰਨ ਮਹੀਨਿਆਂ ਦਾ ਰਾਸ਼ਨ ਅਤੇ ਕਿੱਟ ਵੰਡਣ ਦੇ ਹੁਕਮ ਜਾਰੀ ਕੀਤੇ ਜਾਣ ਤਾਂ ਜੋ ਲੋਕਾਂ ਅਤੇ ਡਿਪੂ ਹੋਲਡਰਾਂ ਦੋਵਾਂ ਨੂੰ ਰਾਹਤ ਮਿਲ ਸਕੇ।ਐਸੋਸੀਏਸ਼ਨ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰ ਸਮੇਤ ਹਲਕਾ ਬੰਗਾ, ਨਵਾਂਸ਼ਹਿਰ ਅਤੇ ਬਲਾਚੌਰ ਦੇ ਵਿਧਾਇਕਾਂ ਨੂੰ ਵੀ ਮੰਗ ਪੱਤਰ ਦੀਆਂ ਕਾਪੀਆਂ ਭੇਜ ਕੇ ਇਸ ਮਸਲੇ ਨੂੰ ਸਰਕਾਰ ਦੇ ਉੱਚ ਪੱਧਰ 'ਤੇ ਉਠਾਉਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਜ਼ਿਲ੍ਹਾ ਡਿਪੂ ਹੋਲਡਰ ਐਸੋਸੀਏਸ਼ਨ ਦੇ ਪ੍ਰਮੁੱਖ ਅਹੁਦੇਦਾਰਾਂ ਅਤੇ ਵੱਡੀ ਗਿਣਤੀ ਵਿੱਚ ਡਿਪੂ ਹੋਲਡਰਾਂ ਨੇ ਦਸਤਖ਼ਤ ਕਰਕੇ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।

# ਭੱਠਾ ਮਜ਼ਦੂਰਾਂ ਦੇ ਸੰਘਰਸ਼ ਅੱਗੇ ਝੁਕੀ ਪੰਜਾਬ ਸਰਕਾਰ, ਰੋਕਿਆ ਹੋਇਆ ਨੋਟੀਫਿਕੇਸ਼ਨ ਕਰਵਾਇਆ ਜਾਰੀ

: ਤਰਸੇਮ ਜੋਧਾ / ਕਰਨ ਰਾਣਾ

ਬਲਾਚੌਰ 28 ਮਈ (ਜਤਿੰਦਰ ਪਾਲ ਸਿੰਘ ਕਲੇਰ )ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਲੜੇ ਗਏ ਲੰਬੇ ਅਤੇ ਜ਼ੋਰਦ-ਾਰ ਸੰਘਰਸ਼ਾਂ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ, ਜਦੋਂ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਕੀਤੇ ਵਾਧੇ ਦਾ ਰੋਕਿਆ ਹੋਇਆ ਨੋਟੀਫਿਕੇਸ਼ਨ ਆਖ਼ਰਕਾਰ ਜਾਰੀ ਕਰ ਦਿੱਤਾ। ਇਹ ਜਾਣਕਾਰੀ ਯੂਨੀਅਨ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸਾਥੀ ਤਰਸੇਮ ਜੋਧਾ ਅਤੇ ਸੂਬਾਈ ਆਗੂ ਕਰਨ ਸਿੰਘ ਰਾਣਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਦਿੱਤੀ।

ਆਗੂਆਂ ਨੇ ਦੱਸਿਆ ਕਿ 1 ਮਈ ਮਜ਼ਦੂਰ ਦਿਵਸ ਮੌਕੇ ਵਿਧਾਨ ਸਭਾ ਵਿੱਚ ਸਾਰੇ ਮਜ਼ਦੂਰਾਂ ਦੇ ਰੇਟਾਂ ਅਤੇ ਉਜਰਤਾਂ ਵਿੱਚ 15 ਫ਼ੀਸਦੀ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਸੀ। ਪਰ ਅਫ਼ਸੋਸ ਦੀ ਗੱਲ ਸੀ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੱਖਾਂ ਭੱਠਾ ਮਜ਼ਦੂਰਾਂ ਨਾਲ ਕੀਤੇ ਇਸ ਵਾਅਦੇ ਦਾ ਨੋਟੀਫਿਕੇਸ਼ਨ ਰੋਕ ਲਿਆ



ਗਿਆ ਸੀ। ਇਸ ਅਨਿਆਂ ਖ਼ਿਲਾਫ਼ ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਸਮੁੱਚੇ ਪੰਜਾਬ ਦੇ ਮਜ਼ਦੂਰਾਂ ਨੇ ਤਿੱਖਾ ਸੰਘਰਸ਼ ਵਿੱਢਿਆ, ਜਿਸ ਦੇ ਦਬਾਅ ਸਦਕੇ ਬੀਤੇ ਕੱਲ੍ਹ ਸਰਕਾਰ ਨੂੰ ਇਹ ਨੋਟੀਫਿਕੇਸ਼ਨ ਜਾਰੀ ਕਰਨਾ ਪਿਆ। ਸਾਥੀ ਤਰਸੇਮ ਜੋਧਾ ਅਤੇ ਕਰਨ ਸਿੰਘ ਰਾਣਾ ਨੇ ਅੱਗੇ ਦੱਸਿਆ ਕਿ ਜਥੇਬੰਦੀ ਦੇ ਵਧਦੇ ਸੰਘਰਸ਼ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਦੇ ਲੇਬਰ ਸਕੱਤਰ ਕਿਰਤ ਸਕੱਤਰ ਨੇ 20 ਮਈ ਨੂੰ ਚੰਡੀਗੜ੍ਹ ਦੇ ਲੇਬਰ ਭਵਨ ਵਿਖੇ ਯੂਨੀਅਨ ਦੇ ਆਗੂਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਇੱਕ ਹਫ਼ਤੇ ਦੇ ਅੰਦਰ-ਅੰਦਰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ, ਜਿਸ ਨੂੰ ਹੁਣ ਪੂਰਾ ਕਰਵਾ ਲਿਆ ਗਿਆ ਹੈ।"ਇਹ ਪੰਜਾਬ ਦੇ ਸਮੂਹ ਸੰਘਰਸ਼ਸ਼ੀਲ ਮਜ਼ਦੂਰਾਂ ਦੀ ਇੱਕਜੁੱਟਤਾ ਦੀ ਜਿੱਤ ਹੈ। ਅਸੀਂ ਸਾਰੇ ਭੱਠਾ ਮਜ਼ਦੂਰਾਂ ਨੂੰ ਇਸ ਇਤਿਹਾਸਕ ਜਿੱਤ ਦੀ ਵਧਾਈ ਦਿੰਦੇ ਹਾਂ ਅਤੇ ਸੱਦਾ ਦਿੰਦੇ ਹਾਂ ਕਿ ਆਪਣੀ ਏਕਤਾ ਨੂੰ ਹੋਰ ਮਜ਼ਬੂਤ ਰੱਖਣ ਤਾਂ ਜੋ ਰਹਿੰਦੀਆਂ ਮੰਗਾਂ ਨੂੰ ਵੀ ਜ਼ੋਰਦਾਰ ਸੰਘਰਸ਼ਾਂ ਰਾਹੀਂ ਪੂਰਾ ਕਰਵਾਇਆ ਜਾ ਸਕੇ।"ਇਸ ਮੌਕੇ ਮਜ਼ਦੂਰਾਂ ਦੀ ਚੜ੍ਹਦੀ ਕਲਾਂ ਅਤੇ ਅਗਲੀ ਰਣਨੀਤੀ ਲਈ ਲਾਮਬੰਦੀ ਦਾ ਸੱਦਾ ਦਿੱਤਾ ਗਿਆ। ਇਸ ਪੱਤਰਕਾਰ ਵਾਰਤਾ ਦੌਰਾਨ ਪ੍ਰਕਾਸ਼ ਸਿੰਘ ਹਿਸੋਵਾਲ, ਚਰਨਜੀਤ ਸਿੰਘ, ਕੇਵਲ ਹਜ਼ਾਰਾ, ਰਣਜੀਤ ਸਿੰਘ ਸਮੇਤ ਯੂਨੀਅਨ ਦੇ ਅਨੇਕਾਂ ਸਥਾਨਕ ਅਤੇ ਸੂਬਾਈ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਬਲਾਚੌਰ ਦੇ ਪਿੰਡਾਂ ਦਾ ਹੋਵੇਗਾ ਸਰਵਪੱਖੀ ਵਿਕਾਸ: ਬ੍ਰਿਗੇਡੀਅਰ ਰਾਜ ਕੁਮਾਰ

**ਬਲਾਚੌਰ, 28 ਮਈ (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਸਮਾਜ ਭਲਾਈ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ (ਰਿਟਾ.) ਰਾਜ ਕੁਮਾਰ ਵੱਲੋਂ ਅੱਜ ਹਲਕਾ ਬਲਾਚੌਰ ਦੇ ਵੱਖ-ਵੱਖ ਪਿੰਡਾਂ ਨਾਲ ਦੁੱਖ-ਸੁੱਖ ਸਾਂਝਾ ਕੀਤਾ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਦਾ ਭਰੋਸਾ ਦਿਵਾਇਆ। ਆਪਣੇ ਇਸ ਦੌਰੇ ਦੌਰਾਨ ਉਨ੍ਹਾਂ ਨਵਾਂਗ੍ਰਾਂ, ਕਰੀਮਪੁਰ, ਰੌੜੀ, ਮਾਲੇਵਾਲ, ਭੰਡੂਪੁਰ, ਬੂਲੇਵਾਲ, ਗੜ੍ਹਸ਼ੰਕਰ, ਸੁੱਧਾਮਾਜਰਾ , ਬਲਾਚੌਰ ਅਤੇ ਪੋਜੇਵਾਲ ਸਰਾਂ ਸਮੇਤ ਕਈ ਪਿੰਡਾਂ ਦੇ ਲੋਕਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਪਿੰਡਾਂ ਦੇ ਲੋਕਾਂ ਅਤੇ ਪੰਚਾਇਤਾਂ ਨਾਲ ਗੱਲਬਾਤ ਕਰਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਲੰਬੇ ਸਮੇਂ ਤੋਂ ਅਧੂਰੇ ਪਏ ਵਿਕਾਸ ਕਾਰਜਾਂ ਅਤੇ ਲੋਕਾਂ



ਦੀਆਂ ਮੁਸ਼ਕਿਲਾਂ ਨੂੰ ਬਹੁਤ ਬਾਰੀਕੀ ਨਾਲ ਸੁਣਿਆ। ਇਸ ਮੌਕੇ ਉਨ੍ਹਾਂ ਪੰਚਾਇਤਾਂ ਅਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਅਧੂਰੇ ਕੰਮਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬ੍ਰਿਗੇਡੀਅਰ (ਰਿਟਾ.) ਰਾਜ ਕੁਮਾਰ ਨੇ ਕਿਹਾ ਕੇ "ਹਲਕਾ ਬਲਾਚੌਰ ਦੇ ਸਾਰੇ ਪਿੰਡਾਂ ਨੂੰ ਇੱਕ ਨਵੀਂ ਨੁਹਾਰ ਦਿੱਤੀ ਜਾਵੇਗੀ। ਸਾਡੇ ਲਈ ਪੂਰਾ ਹਲਕਾ ਇੱਕ ਪਰਿਵਾਰ ਵਾਂਗ ਹੈ ਅਤੇ ਸਾਰਿਆਂ ਨੂੰ ਇੱਕੋ ਨਿਗਾਹ ਨਾਲ ਦੇਖਿਆ ਜਾਵੇਗਾ। ਕਿਸੇ ਵੀ ਪਿੰਡ ਜਾਂ ਵਿਅਕਤੀ ਨਾਲ ਮਤਰੇਈ ਮਾਂ ਵਾਲਾ ਸਲੂਕ ਨਹੀਂ ਹੋਣ ਦਿੱਤਾ ਜਾਵੇਗਾ।"ਉਨ੍ਹਾਂ ਇਹ ਵੀ ਸਾਫ਼ ਅਲਫ਼ਾਜ਼ਾਂ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਵਿਕਾਸ ਫੰਡਾਂ ਨੂੰ ਸਿਆਸਤ, ਪਾਰਟੀਬਾਜ਼ੀ ਅਤੇ ਧਰਮ ਤੋਂ ਉੱਪਰ ਉੱਠ ਕੇ ਸਾਰੇ ਪਿੰਡਾਂ ਵਿੱਚ ਬਰਾਬਰ ਵੰਡਿਆ ਜਾਵੇਗਾ ਤਾਂ ਜੋ ਹਰ ਪਿੰਡ ਤੱਕ ਵਿਕਾਸ ਦੀ ਲਹਿਰ ਪਹੁੰਚ ਸਕੇ। ਪਿੰਡ ਵਾਸੀਆਂ ਵੱਲੋਂ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਦੀ ਇਸ ਪਹਿਲਕਦਮੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਤੱਕੀਆ ਪੀਰਾਂ ਦਾ ਸਾਂਈ ਦੇਈਏ ਸ਼ਾਹ ਕਾਦਰੀ ਜੀ ਦਾ ਸਲਾਨਾ ਜੋੜ ਮੇਲਾ ਧੂਮਧਾਮ ਨਾਲ ਸੰਪੰਨ








**ਨਵਾਂਸ਼ਹਿਰ / ਕਾਠਗੜ੍ਹ , 28 (ਜਤਿੰਦਰ ਪਾਲ ਸਿੰਘ ਕਲੇਰ):** ਕਾਠਗੜ੍ਹ ਮੋੜ 'ਤੇ ਸਥਿਤ ਪਿੰਡ ਚਾਹਲ (ਬਲਾਚੌਰ) ਵਿਖੇ ਤੱਕੀਆ ਪੀਰਾਂ ਦਾ ਸਾਂਈ ਦੇਈਏ ਸ਼ਾਹ ਕਾਦਰੀ ਜੀ ਦਾ ਸਲਾਨਾ ਜੋੜ ਮੇਲਾ ਗੱਦੀ ਨਸ਼ੀਨ ਅਬਦੁਲੇ ਸ਼ਾਹ ਕਾਦਰੀ ਜਨਤੀ ਦੀ ਰਹਿਨੁਮਾਈ ਹੇਠ ਬਹੁਤ ਹੀ ਸ਼ਰਧਾ, ਭਾਵਨਾ ਅਤੇ ਧੂਮਧਾਮ ਨਾਲ ਸੰਪੰਨ ਹੋ ਗਿਆ। ਦੋ ਦਿਨ ਚੱਲੇ ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਅਤੇ ਦੂਰ-ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਨਤਮਸਤਕ ਹੋ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮੇਲੇ ਦੇ ਪ੍ਰਬੰਧਾਂ ਅਤੇ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਸੇਵਾਦਾਰ ਕੁਲਵਿੰਦਰ ਸਿੰਘ ਭਰਥਲਾ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ 27 ਮਈ ਨੂੰ ਦਰਬਾਰ 'ਤੇ ਰਵਾਇਤੀ ਤੌਰ 'ਤੇ ਚਿਰਾਗ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ, ਜਿਸ ਵਿੱਚ ਸ਼ਰਧਾਲੂਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਮੇਲੇ ਦੇ ਦੂਜੇ ਦਿਨ 28 ਮਈ ਨੂੰ ਦੁਪਿਹਰ 1 ਵਜੇ ਮੁੱਖ ਸੱਭਿਆਚਾਰਕ ਅਤੇ ਮਨੋਰੰਜਨ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਬਾਈ ਸ਼ਿੰਗਾਰਾ ਮੈਂਟਲ (ਗੋਲਡ ਮੈਡਲਿਸਟ) ਐਂਡ ਪਾਰਟੀ ਵੱਲੋਂ ਸ਼ਾਨਦਾਰ ਸਮਾਜਿਕ ਤੇ ਹਾਸਰਸ ਡਰਾਮਾ ਪੇਸ਼ ਕੀਤਾ ਗਿਆ। ਇਸ ਡਰਾਮੇ ਨੇ ਮੇਲੇ ਵਿੱਚ ਪਹੁੰਚੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਅਤੇ ਖੂਬ ਤਾਲੀਆਂ ਬਟੋਰੀਆਂ। ਦਰਬਾਰ ਕਮੇਟੀ ਵੱਲੋਂ ਮੇਲੇ ਦੌਰਾਨ ਆਈਆਂ ਸੰਗਤਾਂ ਲਈ ਦੋਵੇਂ ਦਿਨ ਲੰਗਰ ਅਟੁੱਟ ਵਰਤਾਏ ਗਏ ਅਤੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਬੈਠਣ ਅਤੇ ਹੋਰ ਸਹੂਲਤਾਂ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ। ਇਸ ਸਲਾਨਾ ਜੋੜ ਮੇਲੇ ਨੂੰ ਸਫ਼ਲ ਬਣਾਉਣ ਵਿੱਚ ਰਾਮਜੀ ਦਾਸ ਸਾਬਕਾ ਸਰਪੰਚ, ਹੰਸ ਸੇਵਾਦਾਰ, ਮਗਨਦੀਪ ਸਿੰਘ, ਕੁਲਵੰਤ ਸਿੰਘ ਸਰਪੰਚ ਚਾਹਲਾਂ, ਪ੍ਰੇਮਾ ਸਾਬਕਾ ਸਰਪੰਚ ਭਰਥਲਾ, ਕਮਲਦੀਪ ਸ਼ਰਮਾ ਪ੍ਰਧਾਨ, ਨੰਦ ਲਾਲ ਖਟਾਣਾ, ਉਮਰੇ ਸ਼ਾਹ, ਰਕੇਸ਼ ਸਪਰਾ, ਕਾਲਾ ਹਲਵਾਈ, ਅਜੇ ਟੈਂਟ ਹਾਊਸ, ਨਵੂ ਐਂਡ ਤਨੂ, ਮੋਹਿਤ ਭਰਥਲਾ, ਪ੍ਰੀਤ ਅਤੇ ਇਲਾਕੇ ਦੀਆਂ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਤੇ ਪਤਵੰਤੇ ਸੱਜਣਾਂ ਨੇ ਹਾਜ਼ਰ ਹੋ ਕੇ ਆਪਣਾ ਅਹਿਮ ਯੋਗਦਾਨ ਪਾਇਆ।

# ਐਮਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ

**ਹੁਸ਼ਿਆਰਪੁਰ /ਮਾਹਿਲਪੁਰ 28 ਮਈ ( ਤਰਸੇਮ ਦੀਵਾਨਾ ) – ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ** ਇੱਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਐੱਮਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਵਿਭਾਗ ਦੇ ਮੁਖੀ ਪ੍ਰੋ ਪਵਨਦੀਪ ਚੀਮਾ ਨੇ ਦੱਸਿਆ ਕਿ ਐਮਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਬੇਬੀ ਬਾਸੀ ਨੇ 69 ਫੀਸਦੀ ਅੰਕਾਂ ਨਾਲ ਪਹਿਲਾ,ਅੰਮ੍ਰਿਤ ਕੌਰ ਨੇ 67 ਫੀਸਦੀ ਅੰਕਾਂ ਨਾਲ ਦੂਜਾ ਅਤੇ ਦਿਵਯਾ



ਰਾਣਾ ਨੇ 62 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਉਨ੍ਹਾਂ ਦੱਸਿਆ ਕਿ ਇਸੇ ਕੋਰਸ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਪਰਮਿੰਦਰ ਕੌਰ ਨੇ 64 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਲਵਪ੍ਰੀਤ ਕੌਰ ਨੇ 61 ਫੀਸਦੀ ਅੰਕਾਂ ਨਾਲ ਦੂਜਾ ਅਤੇ ਨੇਹਾ



ਨੇ 60 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਐੱਮ ਏ ਅੰਗਰੇਜੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ 'ਤੇ ਮੁਬ-ਾਰਕਬਾਦ ਦਿੱਤੀ।ਫੋਟੋ ਅਜਮੇਰ ਦੀਵਾਨਾ

# ਅਕਾਲੀ ਦਲ ਪੁਨਰ ਸੁਰਜੀਤ ਨੂੰ ਵੱਡਾ ਝਟਕਾ: ਜਥੇਦਾਰ ਸਾਹਦੜਾ ਦੀ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਚ ਘਰ ਵਾਪਸੀ : ਹਨੀ ਟੌਂਸਾ

**ਬਲਾਚੌਰ 28 ਮਈ (ਜਤਿੰਦਰ ਪਾਲ ਸਿੰਘ ਕਲੇਰ )** ਵਿਧਾਨ ਸਭਾ ਹਲਕਾ ਬਲਾਚੌਰ ਅੰਦਰ ਅਕਾਲੀ ਦਲ ਪੁਨਰ ਸੁਰਜੀਤ ਨੂੰ ਉਸ ਵੇਲੇ ਬਹੁਤ ਵੱਡਾ ਸਿਆਸੀ ਝਟਕਾ ਲੱਗਾ, ਜਦੋਂ ਹਲਕਾ ਇੰਚਾਰਜ ਹਨੀ ਟੌਸਾਂ ਦੀ ਅਣਥੱਕ ਮਿਹਨਤ ਅਤੇ ਯਤਨਾਂ ਸਦਕੇ ਇਲਾਕੇ ਦੇ ਕਈ ਦਿੱਗਜ ਆਗੂਆਂ ਨੇ ਪੁਰਾਣੀ ਪਾਰਟੀ ਨੂੰ ਅਲਵਿਦਾ ਆਖ ਕੇ ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਪੱਲਾ ਫੜ ਲਿਆ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅਕਾਲੀ ਦਲ ਪੁਨਰ ਸੁਰਜੀਤ ਦੇ ਜ਼ਿਲ੍ਹਾ ਨਵਾਂਸ਼ਹਿਰ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸਾਹਦੜਾ, ਜ਼ਿਲ੍ਹਾ ਡੈਲੀਗੇਟ ਤੇ ਸਾਬਕਾ ਸਰਪੰਚ ਜਥੇਦਾਰ ਚਰਨਜੀਤ ਸਿੰਘ ਭਰਥਲਾ, ਸਾਬਕਾ ਸਰਪੰਚ ਜਥੇਦਾਰ ਸੁਖਦੇਵ ਸਿੰਘ ਰੱਕੜਾ ਢਾਹਾ ਅਤੇ ਸਾਬਕਾ ਸਰਪੰਚ ਜਥੇਦਾਰ ਸੁੱਚਾ ਸਿੰਘ ਬੂਲੇਵਾਲ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਨ੍ਹਾਂ ਸਾਰੇ ਦਿੱਗਜ ਆਗੂਆਂ ਨੂੰ ਸਿਰੋਪਾਓ ਪਾ ਕੇ ਆਦਰ-ਸਤਿਕਾਰ ਸਹਿਤ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਸ਼ਾਮਲ ਹੋਏ ਆਗੂਆਂ ਨੇ ਪਾਰਟੀ ਪ੍ਰਧਾਨ ਨੂੰ ਵਚਨ ਦਿੱਤਾ ਕਿ ਉਹ ਪਹਿਲਾਂ ਨਾਲੋਂ ਵੀ ਵੱਧ ਮਿਹਨਤ ਕਰਕੇ ਪਾਰਟੀ ਦੇ ਦਾਇਰੇ ਨੂੰ ਵਧਾਉਣਗੇ। ਹਲਕਾ ਇੰਚਾਰਜ ਹਨੀ ਟੌਸਾਂ ਨੇ ਘਰ ਵਾਪਸੀ ਕਰਨ ਵਾਲੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਆਗੂਆਂ ਦੇ ਆਉਣ ਨਾਲ ਹਲਕਾ ਬਲਾਚੌਰ ਵਿੱਚ ਪਾਰਟੀ ਨੂੰ ਇੱਕ ਨਵੀਂ ਊਰਜਾ ਅਤੇ



ਵੱਡੀ ਮਜ਼ਬੂਤੀ ਮਿਲੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਅੰਦਰ ਇਨ੍ਹਾਂ ਨੂੰ ਪੂਰਾ ਮਾਨ-ਸਤਿਕਾਰ ਦਿੱਤਾ ਜਾਵੇਗਾ। ਟੌਸਾਂ ਨੇ ਹਲਕੇ ਦੇ ਸਮੂਹ ਲੀਡਰਾਂ ਅਤੇ ਵਰਕਰਾਂ ਨੂੰ ਹੱਥ ਜੋੜ ਕੇ ਅਪੀਲ ਕੀਤੀ ਕਿ"ਆਓ ਸਾਰੇ ਇਕਜੁੱਟ ਹੋ ਕੇ ਹੰਭਲਾ ਮਾਰੀਏ ਅਤੇ ਆਪਣੀ ਮਾਂ-ਪਾਰਟੀ ਤੇ ਖੇਤਰੀ ਪਾਰਟੀ ਨੂੰ ਮਜਬੂਤ ਕਰੀਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਨੀ ਟੌਸਾਂ ਨੇ ਕੇਂਦਰ ਅਤੇ ਸੂਬਾ ਸਰਕਾਰ 'ਤੇ ਜ ਭੜਾਸ ਕੱਢਦੇ ਉਨ੍ਹਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਅਸਮਾਨੀ ਚੜ੍ਹੀ ਮਹਿੰਗਾਈ ਦੀ ਜਨਮਦਾਤਾ ਹੈ। ਰਸੋਈ ਗੈਸ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਗਰੀਬ ਤੇ ਮੱਧਵਰਗੀ ਪਰਿਵਾਰਾਂ ਦਾ ਲੱਕ ਤੋੜ ਦਿੱਤਾ ਗਿਆ ਹੈ ਅਤੇ ਇਹ ਸਰਕਾਰ ਸਿਰਫ਼ ਸਾਮਰਾਜਵਾਦ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਘੇਰਦਿਆਂ ਕਿਹਾ ਕਿ ਅੱਜ ਸੂਬੇ ਵਿੱਚ ਨਸ਼ਿਆਂ, ਭ੍ਰਿਸ਼ਟਾਚਾਰ, ਲੁੱਟਾਂ-ਖੋਹਾਂ, ਫਿਰੌਤੀਆਂ ਅਤੇ ਸ਼ਰੇਆਮ ਹੋ ਰਹੇ ਕਤਲਾਂ ਕਾਰਨ ਅਮਨ-ਕਾਨੂੰਨ ਦੀ ਸਥਿਤੀ ਬਦਤਰ ਹੋ ਚੁੱਕੀ ਹੈ। ਹਰ ਨਾਗਰਿਕ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ ਅਤੇ ਪੰਜਾਬ ਦੇ ਲੋਕ ਹੁਣ ਇਸ ਨੂੰ ਬਾਹਰ ਦਾ ਰਸਤਾ ਦਿਖਾ ਕੇ ਸੂਬੇ ਅੰਦਰ ਮੁੜ ਸ਼੍ਰੋਮਣੀ ਅਕਾਲੀ ਦਲ ਦਾ ਰਾਜਭਾਗ ਲਿਆਉਣ ਲਈ ਉਤਾਵਲੇ ਹਨ। ਇਸ ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਬਲਾਚੌਰ ਦੀ ਸੀਨੀਅਰ ਲੀਡਰਸ਼ਿਪ ਸ ਦਿਲਾਵਰ ਸਿੰਘ ਦਿਲੀ ਸਾਬਕਾ ਮੈਂਬਰ ਜਿਲਾ ਪ੍ਰੀਸ਼ਦ ,ਚੌਧਰੀ ਵਿਮਲ ਕੁਮਾਰ ਜੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਸਰੋਆ , ਸ ਤਰਲੋਚਨ ਸਿੰਘ ਰੱਕੜ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਲਾਚੌਰ , ਰਾਣਾ ਰਣਦੀਪ ਕੌਸ਼ਲ ਸਾਬਕਾ ਪ੍ਰਧਾਨ ਨਗਰ ਕੌਂਸਿਲ ਬਲਾਚੌਰ ,ਦਲਜੀਤ ਸਿੰਘ ਮਾਣੇਵਾਲ ,ਗੁਰਦੀਪ ਸਿੰਘ ਬਕਾਪੁਰ ,ਸੁਖਵਿੰਦਰ ਸਿੰਘ ,ਸੁਰਜੀਤ ਕੋਹਲੀ ,ਮੋਹਨ ਸਿੰਘ, ਟੱਪਰੀਆਂ ,ਪਰਮਜੀਤ ਸਿੰਘ ,ਮਾਸਟਰ ਦੇਵ ਰਾਜ , ਪਵਨ ਕੁਮਾਰ ਸਾਰੇ ਸਰਕਲ ਪ੍ਰਧਾਨ , ਠੇਕੇਦਾਰ ਮਦਨ ਲਾਲ ਰਾਜੂਮਾਜਰਾ, ਸਤਨਾਮ ਸਿੰਘ ਰਾਜੂਮਾਜਰਾ ਰਿਟਾਇਰਡ ਡੀ ਐੱਸ ਪੀ, ਸ਼ੰਕਰ ਜੰਡੀ ਮੀਤ ਪ੍ਰਧਾਨ ਵੀ ਸੀ ਵਿੰਗ ਪੰਜਾਬ , ਗੌਰਵ ਚੌਹਾਨ , ਮਾਸਟਰ ਕ੍ਰਿਸ਼ਨ ਕੁਮਾਰ , ਕੇਸਰ ਸਹਿਬਾਜਪੁਰ ,ਸੁਖਵਿੰਦਰ ਸਰਪੰਚ ਫਤਿਹਪੁਰ ਅਤੇ ਕਮਲਜੀਤ ਫਤਿਹਪੁਰ ਆਦਿ ਆਗੂ ਸਹਿਵਾਨ ਹਾਜ਼ਿਰ ਸਨ। ਹਲਕੇ ਦੀ ਸਮੁੱਚੀ ਲੀਡਰਸ਼ਿਪ ਅਤੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਮਾਤਾ ਰਾਣੀ ਚੌਕ ਬਾਜ਼ਾਰ ਵਿੱਚ ਖੁੱਲ੍ਹੇਆਮ ਸ਼ਰਾਬ ਦਾ ਸੇਵਨ, ਸ਼ਰਾਬ ਪੀਣੋ ਰੋਕਣ 'ਤੇ ਦਿੱਤੀਆਂ ਧਮਕੀਆਂ

## ਪੁਲਿਸ ਨੂੰ ਸੂਚਨਾ ਦੇਣ ਦੇ ਬਾਵਜੂਦ, ਕੋਈ ਟੀਮ ਮੌਕੇ 'ਤੇ ਨਹੀਂ ਪਹੁੰਚੀ

**ਲੁਧਿਆਣਾ 28 ਮਈ (ਕਰਨੈਲ ਸਿੰਘ ਐੱਮ.ਏ.)** - ਮਾਤਾ ਰਾਣੀ ਚੌਕ ਬਾਜ਼ਾਰ ਵਿੱਚ ਕੁਝ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਬਾਹਰ ਖੁੱਲ੍ਹੇਆਮ ਸ਼ਰਾਬ ਪੀਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਜਾਣਕਾਰੀ ਉਥੇ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕੁਝ ਲੋਕ ਮਾਤਾ ਰਾਣੀ ਚੌਕ ਮੋਬਾਈਲ ਮਾਰਕੀਟ ਦੀਆਂ ਦੁਕਾਨਾਂ ਦੇ ਅੱਗੇ ਸ਼ਰੇਆਮ ਸ਼ਰਾਬ ਪੀ ਕੇ ਪੁਲਿਸ ਕਮਿਸ਼ਨਰ ਦੇ ਹੁਕਮਾਂ



ਅਤੇ ਆਬਕਾਰੀ ਵਿਭਾਗ ਦੇ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ। ਜਦੋਂ ਮੌਕੇ 'ਤੇ ਮੌਜੂਦ ਲੋਕਾਂ ਨੇ ਰੋਕਿਆ ਤਾਂ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਧਮਕੀ ਦਿੰਦੇ ਹੋਏ ਕਿਹਾ, "ਜੋ ਮਰਜ਼ੀ ਕਰਲੋ ਅਸੀ ਕਿਸੇ ਤੋਂ ਨਹੀਂ ਡਰਦੇ। ਮਾਮਲੇ ਦੀ ਸੂਚਨਾ ਕੋਤਵਾਲੀ ਪੁਲਿਸ ਸਟੇਸ਼ਨ ਨੂੰ ਦਿੱਤੀ ਗਈ, ਜਿੱਥੇ ਡਿਊਟੀ ਅਫਸਰ ਨੇ ਪੁਲਿਸ ਟੀਮ ਭੇਜਣ ਦਾ ਭਰੋਸਾ ਦਿੱਤਾ, ਪਰ ਕਾਫ਼ੀ ਸਮੇਂ ਤੱਕ ਕੋਈ ਪੁਲਿਸ ਕਰਮਚਾਰੀ ਮੌਕੇ 'ਤੇ ਨਹੀਂ ਪਹੁੰਚਿਆ। ਸਥਾਨਕ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਬਾਜ਼ਾਰਾਂ ਵਿੱਚ ਖੁੱਲ੍ਹੇਆਮ ਸ਼ਰਾਬ ਪੀਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# ਦੁੱਖਾਂ ਮਾਰੀ ਮਾਂ ਨੂੰ ਵੀ ਨਹੀਂ ਛੱਡਿਆ ਸਾਇਬਰ ਠੱਗਾਂ ਨੇ

ਪੰਡੋਰੀ : ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲਾ ਵਿੱਚ ਇੱਕ ਸਾਇਬਰ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਹਰ ਕਿਸੇ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ । ਇਸ ਘਟਨਾ ਵਿੱਚ ਸਾਇਬਰ ਠੱਗਾਂ ਨੇ ਇੱਕ ਅਜਿਹੀ ਮਾਂ ਨੂੰ ਨਿਸ਼ਾਨਾ ਬਣਾਇਆ ਜੋ ਪਹਿਲਾਂ ਹੀ ਆਪਣੀ ਜ਼ਿੰਦਗੀ ਦੇ ਸਭ ਤੋਂ ਵੱਡੇ ਦੁੱਖ ਸਹਿ ਰਹੀ ਹੈ।

ਪੀੜਤ ਮਹਿਲਾ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ 5 ਪੁੱਤ ਪਹਿਲਾਂ ਹੀ ਨਸ਼ੇ ਦੀ ਭੇਟ ਚੜ੍ਹ ਕੇ ਇਸ ਦੁਨੀਆਂ ਤੋਂ ਚਲੇ ਗਏ ਹਨ । ਆਪਣੇ ਪੁੱਤਰਾਂ ਨੂੰ ਗੁਆਉਣ ਤੋਂ ਬਾਅਦ ਉਹ ਪਹਿਲਾਂ ਹੀ ਮਾਨਸਿਕ ਅਤੇ ਆਰਥਿਕ ਤੌਰ 'ਤੇ ਟੁੱਟ ਚੁੱਕੀ ਸੀ, ਪਰ ਹੁਣ ਸਾਇਬਰ ਠੱਗਾਂ ਨੇ ਉਸ ਦੀ ਮਜ਼ਬੂਰੀ ਅਤੇ ਭਾਵਨਾਵਾਂ ਦਾ ਫਾਇਦਾ ਚੁੱਕਦਿਆਂ ਉਸ ਨਾਲ 12 ਹਜ਼ਾਰ ਰੁਪਏ ਦੀ ਠੱਗੀ ਕਰ ਲਈ।ਜਾਣਕਾਰੀ ਅਨੁਸਾਰ ਕੁਝ ਵਿਦੇਸ਼ੀ



ਨੰਬਰਾਂ ਤੋਂ ਮਨਜੀਤ ਕੌਰ ਨੂੰ ਫੋਨ ਆਏ । ਠੱਗਾਂ ਨੇ ਮਸ਼ਹੂਰ ਪੰਜਾਬੀ ਗਾਇਕ ਮਨਕੀਰਤ ਔਲਖ ਦਾ ਨਾਮ ਵਰਤਦਿਆਂ ਮਹਿਲਾ ਨੂੰ ਲੱਖਾਂ ਰੁਪਏ ਦੇਣ ਦਾ ਲਾਲਚ ਦਿੱਤਾ। ਗੱਲਾਂ ਵਿੱਚ ਫਸਾ ਕੇ ਉਸ ਤੋਂ ਸਕੈਨਰ ਅਤੇ ਅਕਾਊਂਟ ਨੰਬਰ ਰਾਹੀਂ ਪੈਸੇ ਟ੍ਰਾਂਸਫਰ ਕਰਵਾ ਲਏ ਗਏ। ਰੋ-ਰੋ ਕੇ ਆਪਣਾ ਦਰਦ ਬਿਆਨ ਕਰਦਿਆਂ ਮਨਜੀਤ ਕੌਰ ਨੇ ਕਿਹਾ ਕਿ ਉਹ ਪਹਿਲਾਂ ਹੀ ਆਪਣੇ ਪੁੱਤਰਾਂ ਨੂੰ ਗੁਆ ਕੇ ਅੰਦਰੋਂ ਟੁੱਟ ਚੁੱਕੀ ਹੈ ਅਤੇ ਹੁਣ ਠੱਗਾਂ ਨੇ ਉਸਦੀ ਆਖ਼ਰੀ ਉਮੀਦ ਵੀ ਲੁੱਟ ਲਈ। ਇਲਾਕੇ ਦੇ ਲੋਕਾਂ ਵਿੱਚ ਵੀ ਇਸ ਘਟਨਾ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਹ ਮਾਮਲਾ ਇੱਕ ਵਾਰ ਫਿਰ ਸਾਬਤ ਕਰਦਾ ਹੈ ਕਿ ਸਾਇਬਰ ਠੱਗ ਹੁਣ ਇਨਸਾਨੀਅਤ ਦੀ ਹਰ ਹੱਦ ਪਾਰ ਕਰ ਚੁੱਕੇ ਹਨ। ਉਹ ਉਹਨਾਂ ਲੋਕਾਂ ਨੂੰ ਵੀ ਨਿਸ਼ਾਨਾ ਬਣਾ ਰਹੇ ਹਨ ਜੋ ਪਹਿਲਾਂ ਹੀ ਸਮੇਂ ਦੀ ਮਾਰ ਸਹਿ ਰਹੇ ਹਨ। ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਪੈਸੇ ਲੁੱਟਣਾ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਪ੍ਰਸ਼ਾਸਨ ਅਤੇ ਸਾਇਬਰ ਸੈੱਲ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਕਿਸੇ ਵੀ ਅਣਜਾਣ ਨੰਬਰ, ਲਾਲਚ ਭਰੇ ਫੋਨ ਜਾਂ ਇਨਾਮ ਦੇ ਝਾਂਸੇ ਵਿੱਚ ਨਾ ਆਉਣ ਅਤੇ ਆਪਣੀ ਬੈਂਕਿੰਗ ਜਾਂ ਨਿੱਜੀ ਜਾਣਕਾਰੀ ਕਿਸੇ ਨਾਲ ਵੀ ਸਾਂਝੀ ਨਾ ਕਰਨ।

# ਉਰਦੂ ਦੇ ਮਕਬੂਲ ਸ਼ਾਇਰ ਜਨਾਬ ਬਸ਼ੀਰ ਬਦਰ ਸਟੇਜ਼ ਦੇ ਧਨੀ ਸਨ : ਰਘਵੀਰ ਸਿੰਘ ਟੇਰਕਿਆਨਾ

**ਹੁਸ਼ਿਆਰਪੁਰ 28 ਮਈ ( ਤਰਸੇਮ ਦੀਵਾਨਾ )** - ਪ੍ਰਸਿੱਧ ਲੇਖਕ ਤੇ ਪੰਜਾਬੀ ਸ਼ਾਇਰ ਰਘਵੀਰ ਸਿੰਘ ਟੇਰਕਿਆਨਾ ਨੇ ਉਰਦੂ ਦੇ ਮਕਬੂਲ ਸ਼ਾਇਰ ਜਨਾਬ ਬਸ਼ੀਰ ਬਦਰ ਦੇ ਵਿਛੜ ਜਾਣ ਉੱਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ । ਟੇਰਕਿਆਨਾ ਨੇ ਕਿਹਾ ਕਿ ਪੌਣੀ ਸਦੀ ਤੋਂ ਕਿਤਾਬੀ ਅਤੇ ਸਟੇਜੀ ਸ਼ਾਇਰੀ ਦੇ ਧਨੀ ਜਨਾਬ ਬਸ਼ੀਰ ਬਦਰ ਦੇਸ਼ ਵਿਦੇਸ਼ ਵਿਚ ਆਪਣੀ ਕਲਾ ਦਾ ਅੱਧੀ ਪੌਣੀ ਸਦੀ ਵਧੀਆ ਪ੍ਰਦਰਸ਼ਨ ਕਰਕੇ



ਹੁਣ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ । ਉੱਨਾਂ ਦੇ ਵਿਛੜ ਜਾਣ ਬਾਅਦ ਵੀ ਉੱਨਾਂ ਦੇ ਮਸ਼ਹੂਰ ਸ਼ੇਅਰ ਲੋਕ ਹਿਰਦਿਆਂ ਵਿਚ ਕਾਇਮ ਦਾਇਮ ਰਹਿਣਗੇ ਕਿਉਂਕਿ ਉਹਨਾਂ ਨੇ ਲੱਗਭੱਗ ਜ਼ਿੰਦਗੀ ਨਾਲ ਸਬੰਧਿਤ ਹਰ ਵਿਸ਼ੇ ਉੱਤੇ ਆਪਣੇ ਸ਼ੇਅਰ ਲਿਖੇ ਅਤੇ ਫਿਰ ਤਾਲੀਆਂ ਦੀ ਗੜਗੜਾਹਟ ਵਿਚ ਲੋਕਾਂ ਸਾਹਮਣੇ ਪੇਸ਼ ਵੀ ਕੀਤੇ । ਟੇਰਕਿਆਨਾ ਨੇ ਕਿਹਾ ਕਿ ਬਦਰ ਦਾ ਅੰਦਾਜ਼ੇ ਬਿਆਨ ਹੀ ਬਾਕਮਾਲ ਸੀ । ਜ਼ਿੰਦਗੀ ਦੇ ਹਰ ਪਹਿਲੂ ਉੱਤੇ ਬਸ਼ੀਰ ਦਾ ਲਿਖਿਆ ਕੋਈ ਨਾ ਕੋਈ ਸ਼ੇਅਰ ਮਿਲ ਹੀ ਜਾਂਦਾ ਹੈ । ਟੇਰਕਿਆਨਾ ਨੇ ਦੱਸਿਆ ਕਿ ਉਹ ਜਿਸਮਾਨੀ ਤੌਰ ਉੱਤੇ ਭਾਵੇਂ ਨਹੀਂ ਰਹੇ ਪਰ ਸ਼ੇਅਰਾਂ ਰਾਹੀ ਦੁਨੀਆ ਵਿਚ ਹਾਜ਼ਰ ਨਾਜਰ ਰਹਿਣਗੇ ਕਿਉਂਕਿ ਅਜਿਹੇ ਵਿਸ਼ੇਸ਼ ਕਿਸਮ ਦੇ ਵਿਅਕਤੀ ਭੁਲਣਯੋਗ ਨਹੀਂ ਹੁੰਦੇ ।

# ਅਹਿਮਦੀਆ ਮੁਸਲਿਮ ਮਸਜਿਦ ਵਿੱਚ ਅੱਜ ਈਦ ਉਲ-ਅਜ਼ਹਾ ਦੀ ਨਮਾਜ਼ ਬੜੇ ਧਾਰਮਿਕ ਉਤਸ਼ਾਹ ਅਤੇ ਸ਼ਰਧਾ ਨਾਲ ਅਦਾ ਕੀਤੀ ਗਈ

ਜਮਸ਼ੇਦਪੁਰ ਦੇ ਆਜ਼ਾਦ ਨਗਰ, ਰੋਡ ਨੰਬਰ 1 ਉੱਤੇ ਸਥਿਤ ਅਹਿਮਦੀਆ ਮੁਸਲਿਮ ਮਸਜਿਦ ਵਿੱਚ ਅੱਜ ਈਦ ਉਲ-ਅਜ਼ਹਾ ਦੀ ਨਮਾਜ਼ ਬੜੇ ਧਾਰਮਿਕ ਉਤਸ਼ਾਹ ਅਤੇ ਸ਼ਰਧਾ ਨਾਲ ਅਦਾ ਕੀਤੀ ਗਈ। ਵੱਡੀ ਗਿਣਤੀ ਵਿੱਚ ਮੁਸਲਮਾਨਾਂ ਨੇ ਇਸ ਵਿੱਚ ਸ਼ਿਰਕਤ ਕੀਤੀ।

ਨਮਾਜ਼ ਦੀ ਇਮਾਮਤ ਮੌਲਵੀ ਸ਼ੇਖ ਅਬਦੁਲ ਮਨਾਨ ਨੇ ਕਰਾਈ। ਖੁਤਬੇ ਵਿੱਚ ਉਨ੍ਹਾਂ ਕਿਹਾ ਕਿ ਈਦ ਉਲ-ਅਜ਼ਹਾ ਹਜ਼ਰਤ ਇਬਰਾਹੀਮ ਅਲੈਹਿਸ੍ਸਲਾਮ ਦੀ ਪਵਿੱਤਰ ਸੁੰਨਤ ਦੀ ਯਾਦ ਦਿਲਾਉਂਦੀ ਹੈ। ਕੁਰਬਾਨੀ ਦਾ ਮੂਲ ਉਦੇਸ਼ ਅੱਲ੍ਹਾ ਦੀ ਨੇੜਤਾ ਪ੍ਰਾਪਤ ਕਰਨਾ ਅਤੇ ਗਰੀਬ ਭਰਾਵਾਂ ਨੂੰ ਖੁਸ਼ੀ ਵਿੱਚ ਸ਼ਾਮਲ ਕਰਨਾ ਹੈ।



ਈਦ ਭਾਈਚਾਰੇ, ਸਦਭਾਵਨਾ ਅਤੇ ਪਿਆਰ ਦਾ ਪ੍ਰਤੀਕ ਹੈ।

ਨਮਾਜ਼ ਤੋਂ ਬਾਅਦ ਵਿਸ਼ਵ ਸ਼ਾਂਤੀ ਅਤੇ ਭਾਈਚਾਰੇ ਲਈ ਵਿਸ਼ੇਸ਼ ਦੁਆ ਕੀਤੀ ਗਈ। ਜਮਸ਼ੇਦਪੁਰ ਜਮਾਅਤ ਦੇ ਪ੍ਰਧਾਨ ਸੱਯਦ ਮਜ਼ਹਰ ਉਲ ਹੱਕ ਨੇ ਸਭ ਨੂੰ ਈਦ ਮੁਬਾਰਕ ਦਾ ਸੁਨ-ੇਹਾ ਦਿੰਦੇ ਹੋਏ ਸ਼ਾਂਤੀ, ਸਹਿਣਸ਼ੀਲਤਾ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੱਤਾ। ਔਰਤਾਂ ਲਈ ਨਮਾਜ਼ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ ਸੀ। ਹਾਜ਼ਰ ਪ੍ਰਮੁੱਖ ਵਿਅਕਤੀਆਂ ਵਿੱਚ ਨੇਕ ਮੁਹੰਮਦ (ਜ਼ਿਲ੍ਹਾ ਪ੍ਰਧਾਨ, ਅਹਿਮਦੀਆ ਜਮਾਅਤ ਜਮਸ਼ੇਦਪੁਰ), ਖਲੀਲ ਅਹਿਮਦ, ਮੁਈਨੁਲ ਹੱਕ, ਅਸ਼ਰਫ਼ ਅਜ਼ੀਜ਼, ਹਾਮਿਦ ਅਹਿਮਦ, ਯਾਸਿਰ ਅਹਿਮਦ ਅਤੇ ਜਮਾਅਤ ਦੇ ਹੋਰ ਗਣਮਾਨਯ ਸਦੱਸ ਸ਼ਾਮਲ ਸਨ।

ਫੋਟੋ ਅਜਮੇਰ ਦੀਵਾਨਾ

# ਈਦ ਦਾ ਦਿਨ ਸਾਨੂੰ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਵੀ ਆਪਣੇ ਅੰਦਰ ਕੁਰਬਾਨੀ ਦਾ ਜਜ਼ਬਾ ਰੱਖੀਏ : ਜਮੀਲ ਬਾਲੀ

## ਈਦ ਦਾ ਦਿਨ ਹਰ ਭਾਰਤੀ ਦੇ ਲਈ ਖੁਸ਼ੀ ਦਾ ਦਿਨ

ਹੁਸ਼ਿਆਰਪੁਰ 28 ਮਈ ( ਤਰਸੇਮ ਦੀਵਾਨਾ ) – ਅੱਜ ਇੱਥੇ ਈਦਗਾਹ ਵਿਖੇ ਈਦ-ਉਲ-ਅਜਹਾ ਬਕਰੀਦ ਦੀ ਨਮਾਜ਼ ਭਾਰੀ ਗਿਣਤੀ ਵਿੱਚ ਮੁਸਲਮਾਨਾਂ ਨੇ ਅਦਾ ਕੀਤੀ। ਇੰਤਜਾਮੀਆ ਜਾਮਾ ਮਸਜਿਦ ਈਦਗਾਹ ਕਮੇਟੀ ਦੇ ਪ੍ਰਧਾਨ ਖੁਰਸ਼ੀਦ ਅਹਿਮਦ ਨੇ ਕਿਹਾ ਕਿ ਅੱਜ ਦਾ ਦਿਨ ਅੱਲ੍ਹ ਤਾਅਲਾ ਦੇ ਨਬੀ ਹਜ਼ਰਤ ਇਬਰਾਹਿਮ ਅਲੈਹਿਸ-ਸਲਾਮ ਦੀ ਯਾਦ ਵਿੱਚ ਮਨਾਉਂਦੇ ਹਨ, ਜਿਨ੍ਹਾਂ ਨੇ ਆਪਣੇ ਖੁਦਾ ਦੀ ਰਜ਼ਾ ਦੇ ਲਈ ਆਪਣਾ ਬੇਟਾ ਕੁਰਬਾਨ ਕਰਨ ਵਿੱਚ ਦੇਰੀ ਨਹੀਂ ਕੀਤੀ। ਡਾ.ਜਮੀਲ ਬਾਲੀ ਨੇ ਕਿਹਾ ਕਿ ਈਦ ਦਾ ਦਿਨ ਸਾਨੂੰ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਵੀ



ਆਪਣੇ ਅੰਦਰ ਕੁਰਬਾਨੀ ਦਾ ਜਜ਼ਬਾ ਰੱਖੀਏ ਅਤੇ ਆਪਣੇ ਦੇਸ਼ ਦੇ ਲਈ ਕੁਰਬਾਨ ਹੋਣ ਦੇ ਲਈ ਤਿਆਰ ਰਹੀਏ। ਉਨ੍ਹਾਂ ਨੇ ਕਿਹਾ ਕਿ ਈਦ ਦਾ ਦਿਨ ਹਰ ਭਾਰਤੀ ਦੇ ਲਈ ਖੁਸ਼ੀ ਦਾ ਦਿਨ ਹੈ। ਭਾਰਤ ਦੁਨੀਆ ਦਾ ਇਕ ਮਾਤਰ ਇਹੋ ਜਿਹਾ ਦੇਸ਼ ਹੈ ਜਿਥੇ ਹਰ ਧਰਮ ਦਾ ਤਿਉਹਾਰ ਸਾਰੇ ਲੋਕ ਆਪਸ ਵਿੱਚ ਮਿਲਜੁਲ ਕੇ ਮਨਾਉਂਦੇ ਹਨ। ਅਸੀਂ ਹਮੇਸ਼ਾ ਤੋਂ ਹੀ ਪੰਜਾਬ ਵਿੱਚ ਅਮਨ ਅਤੇ ਖੁਸ਼ਹਾਲੀ ਦੇ ਲਈ ਦੁਆ ਮੰਗਦੇ ਹਾਂ। ਇਸ ਮੌਕੇ ਤੇ ਸਾਬਿਰ ਆਲਮ, ਲਾਲ ਹੁਸੈਨ, ਅਸਲਮ, ਵਕੀਲ ਮੁਹੰਮਦ (ਸੁਹਮੂ), ਸਲੀਮ, ਰਈਸ ਮੁਹੰਮਦ, ਸਾਦਿਕ, ਰਿਆਜ਼ ਅੰਸਾਰੀ, ਇਸਤੰਕਾਰ, ਮੁਰੀਦ, ਖਲੀਲ, ਪ੍ਰਿੰਸ, ਜੁਨੈਦ ਮਲਿਕ, ਆਮਿਰ, ਹਸਨ, ਇਜਾਜ਼ ਆਦਿ ਮੌਜੂਦ ਹੋਏ।

ਫੋਟੋ ਅਜਮੇਰ ਦੀਵਾਨਾ

# ਬਹੁਜਨ ਸਮਾਜ ਪਾਰਟੀ (ਪੰਜਾਬ) ਈਦ ਦੇ ਪਵਿੱਤਰ ਮੌਕੇ 'ਤੇ ਮੁਸਲਿਮ ਭਾਈਚਾਰੇ ਨੂੰ ਵਧਾਈ; 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਆਪਸੀ ਸਦਭਾਵਨਾ ਅਤੇ ਸਮਾਜਿਕ ਇਨਸਾਫ਼ ਦਾ ਦਿੱਤਾ ਸੱਦਾ -ਡਾ ਅਵਤਾਰ ਸਿੰਘ ਕਰੀਮਪੁਰੀ

**ਜਲੰਧਰ/ਚੰਡੀਗੜ੍ਹ: (ਚਰਨਜੀਤ ਸੱਲ੍ਹਾ)** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਈਦ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਦੇਸ਼-ਵਿਦੇਸ਼ ਅਤੇ ਖਾਸ ਕਰਕੇ ਪੰਜਾਬ ਵਿੱਚ ਵਸਦੇ ਸਮੂਹ ਮੁਸਲਿਮ ਭਾਈਚਾਰੇ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੱਤੀ ਹੈ। ਪ੍ਰੈਸ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਡਾ. ਕਰੀਮਪੁਰੀ ਨੇ ਕਿਹਾ ਕਿ ਈਦ ਸਾਨੂੰ ਤਿਆਗ,ਮਾਨਵਤਾ ਨੂੰ ਸਬਰ, ਸੰਤੋਖ ਅਤੇ ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣ ਦੀ ਮਹਾਨ ਪ੍ਰੇਰਨਾ ਮਿਲਦੀ,ਉਨ੍ਹਾਂ ਕਿਹਾ ਕਿ ਈਦ ਦਾ ਇਹ ਦਿਨ ਆਪਸੀ ਭਾਈਚਾਰਕ ਸਾਂਝ, ਅਮਨ-ਸ਼ਾਂਤੀ ਅਤੇ ਨਿਮਰਤਾ ਦਾ ਪ੍ਰਤੀਕ ਹੈ।

'ਪੰਜਾਬ ਸੰਭਾਲੋ ਮੁਹਿੰਮ' ਅਤੇ ਮੌਜੂਦਾ ਹਾਲਾਤਾਂ 'ਤੇ ਚਿੰਤਾ

ਬਸਪਾ ਪ੍ਰਧਾਨ ਨੇ ਪਾਰਟੀ ਵੱਲੋਂ ਚਲਾਈ ਜਾ ਰਹੀ



"ਪੰਜਾਬ ਸੰਭਾਲੋ ਮੁਹਿੰਮ" ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਪੰਜਾਬ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਮੌਜੂਦਾ ਹਕੂਮਤਾਂ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੂਬੇ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਨ ਅਤੇ ਘੱਟ-ਗਿਣਤੀਆਂ, ਦਲਿਤਾਂ ਤੇ ਪਿਛੜੇ ਵਰਗਾਂ ਦੇ ਹੱਕਾਂ ਨੂੰ ਦਬਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਹੋ ਰਹੀਆਂ ਹਨ।

"ਅੱਜ ਜਦੋਂ ਅਸੀਂ 'ਪੰਜਾਬ ਸੰਭਾਲੋ ਮੁਹਿੰਮ' ਦੇ ਤਹਿਤ ਸੂਬੇ ਦੇ ਸੁਨਹਿਰੀ ਭਵਿੱਖ ਲਈ ਲੜ ਰਹੇ ਹਾਂ, ਤਾਂ ਸਾਡਾ ਸਭ ਤੋਂ ਵੱਡਾ ਸੰਕਲਪ ਪੰਜਾਬ ਦੀ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਨੂੰ ਬਚਾਉਣਾ ਹੈ। ਅੱਜ ਪੰਜਾਬ ਨੂੰ ਨਫ਼ਰਤ, ਵੰਡੀਆਂ ਅਤੇ ਗੁੰਮਰਾਹਕੁੰਨ ਰਾਜਨੀਤੀ ਤੋਂ ਬਚਾਉਣ ਦੀ ਸਖ਼ਤ ਲੋੜ ਹੈ।"ਡਾ. ਕਰੀਮਪੁਰੀ ਨੇ ਅਪੀਲ ਕੀਤੀ ਕਿ ਬਾਬਾਸਾਹਿਬ ਡਾਕਟਰ ਬੀ.ਆਰ. ਅੰਬੇਡਕਰ ਵੱਲੋਂ ਨਿਰਮਿਤ ਸੰਵਿਧਾਨ ਮੁਤਾਬਕ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ, ਸੁਰੱਖਿਆ ਅਤੇ ਸਨਮਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਹਮੇਸ਼ਾ ਮੁਸਲਿਮ ਸਮਾਜ ਅਤੇ ਹੋਰਨਾਂ ਘੱਟ-ਗਿਣਤੀਆਂ ਦੀ ਆਵਾਜ਼ ਬਣ ਕੇ ਖੜ੍ਹੀ ਰਹੀ ਹੈ ਅਤੇ ਅੱਗੇ ਵੀ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੇਗੀ।

ਉਨ੍ਹਾਂ ਸੂਬੇ ਦੇ ਸਮੂਹ ਇਨਸਾਫ਼ਪਸੰਦ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਨਫ਼ਰਤ ਦੀ ਰਾਜਨੀਤੀ ਨੂੰ ਪਛਾੜ ਕੇ ਇੱਕ ਅਜਿਹੇ ਖੁਸ਼ਹਾਲ ਅਤੇ ਸੁਰੱਖਿਅਤ ਪੰਜਾਬ ਦੇ ਨਿਰਮਾਣ ਲਈ ਅੱਗੇ ਆਉਣ, ਜਿੱਥੇ ਹਰ ਧਰਮ ਅਤੇ ਵਰਗ ਦਾ ਮਾਣ-ਸਤਿਕਾਰ ਬਹਾਲ ਹੋ ਸਕੇ। ਅਖੀਰ ਵਿੱਚ, ਉਨ੍ਹਾਂ ਅਰਦਾਸ ਕੀਤੀ ਕਿ ਇਹ ਈਦ ਪੰਜਾਬ ਦੇ ਹਰ ਘਰ ਵਿੱਚ ਖੁਸ਼ਹਾਲੀ, ਅਮਨ-ਚੈਨ ਅਤੇ ਆਪਸੀ ਪਿਆਰ ਲੈ ਕੇ ਆਵੇ।

# ਸ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਅੱਪਰਾ ਇਲਾਕੇ 'ਚ ਪਹੁੰਚ ਕੇ ਵੱਖ ਵੱਖ ਬਸਪਾ ਲੀਡਰਾਂ ਤੇ ਸਮਰਥਕਾਂ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

**ਫਿਲੌਰ/ਅੱਪਰਾ, 28 ਮਈ (ਦੀਪਾ)-ਅੱਜ** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸ. ਅਵਾਤਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਕਸਬਾ ਅੱਪਰਾ ਵਿਖੇ ਪਹੁੰਚੇ । ਇਸ ਮੌਕੇ ਉਨਾਂ ਅੱਪਰਾ ਇਲਾਕੇ 'ਚ ਪਹੁੰਚ ਕੇ ਵੱਖ ਵੱਖ ਬਸਪਾ ਲੀਡਰਾਂ ਤੇ ਸਮਰਥਕਾਂ ਨਾਲ ਉਨਾਂ ਦੇ ਪਰਿਵਾਰਿਕ ਮੈਂਬਰ ਦੇ ਅਕਾਲ ਚਲਾਣਾ ਕਰਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਸ. ਅਵਤਾਰ ਸਿੰਘ ਕਰੀਮਪੁਰੀ ਬੀਬੀ ਬਲਵੀਰ ਕੌਰ ਸਾਬਕਾ ਮੈਂਬਰ ਪੰਚਾਇਤ ਅੱਪਰਾ ਦੇ ਪਤੀ ਸਵ. ਅਵਤਾਰ ਸਿੰਘ (ਦੋਧੀ), ਸਮਾਜ ਸੇਵਕ ਤੇ ਵਪਾਰੀ ਗੌਤਮ ਮਰਵਾਰਾ ਦੀ ਮਾਤਾ ਸ਼੍ਰੀਮਤੀ ਵੀਨਾ ਮਰਵਾਹਾ, ਬਸਪਾ ਆਗੂ ਨਿਰਮਲ ਰੁੜਕਾ ਦੀ ਮਾਤਾ ਬੀਬੀ ਉਧੀ ਜੀ, ਪਿੰਡ ਚੱਕ ਸਾਹਬੂ ਦੇ ਇੱਕ ਨੌਜਵਾਨ ਲੜਕੇ ਦੀ ਹੋਏ ਬੇਵਕਤੀ ਮੌਤ ਤੇ ਇੱਕ ਹਾਦਸੇ ਦੌਰਾਨ ਜਖ਼ਮੀ ਹੋਏ



ਬਲਾਕ ਸਮੰਤ ਮੈਂਬਰ ਬੀਬੀ ਬੀਬੀ ਕੁਲਵਿੰਦਰ ਕੌਰ ਜ਼ੋਨ ਮੰਡੀ ਦੇ ਘਰਾਂ 'ਚ ਜਾ ਕੇ ਉਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਮਿਲੇ । ਸ. ਕਰੀਮਪੁਰੀ ਨੇ ਵਿਛੜ ਚੁੱਕੀਆਂ ਰੂਹਾਂ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਉਨਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਤੇ ਜ਼ਖਮੀ ਬਸਪਾ ਦੇ ਲੀਡਰਾਂ ਲਈ ਅਰਦਾਸ ਕੀਤੀ ਕਿ ਪ੍ਰਮਾਤਮਾ ਉਨਾਂ ਨੂੰ ਜਲਦ ਹੀ ਤੰਦਰੁਸਤੀ ਦਾ ਦਾਨ ਬਖਸ਼ੇ । ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਇਹ ਹਮੇਸਾਂ ਤੋਂ ਹੀ ਫਖਰ ਵਾਲੀ ਗੱਲ ਰਹੀ ਹੈ ਕਿ ਕਸਬਾ ਅੱਪਰਾ ਪਹਿਲਾਂ ਤੋਂ ਹੀ ਬਸਪਾ ਦਾ ਗੜ੍ਹ ਰਿਹਾ ਹੈ । ਉਨਾਂ ਅੱਗੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਬਸਪਾ ਇਸ ਵਾਰ ਆਪਣਾ ਪਰਚਮ ਲਹਿਰਾਏਗੀ । ਇਸ ਮੌਕੇ ਤੀਰਥ ਰਾਜਪੁਰਾ ਸੀਨੀਅਰ ਬਸਪਾ ਆਗੂ ਪੰਜਾਬ, ਸੁਸ਼ੀਲ ਵਿਰਦੀ, ਖੁਸ਼ੀ ਰਾਮ ਸੀਨੀਅਰ ਬਸਪਾ ਆਗੂ ਪੰਜਾਬ, ਸੁਖਵਿੰਦਰ ਬਿੱਟੂ ਪ੍ਰਧਾਨ ਹਲਕਾ ਫਿਲੌਰ, ਹੈਪੀ ਰੁੜਕਾ ਯੂਥ ਵਾਈਸ ਪ੍ਰਧਾਨ ਜਿਲਾ ਜਲੰਧਰ, ਵਿਨੈ ਸਰਪੰਚ ਅੱਪਰਾ, ਸੰਦੀਪ ਕੌਰ ਚੇਅਰਪਰਸਨ ਬਲਾਕ ਸੰਮਤੀ ਫਿਲੌਰ, ਦੇਬੀ ਲਾਂਦੜਾ, ਬਿੱਟੂ ਪਾਲਨੌਂ, ਤੀਰਥ ਮੈਂਗੜਾ, ਮੋਹਣ ਲਾਲ ਪੰਚ , ਕਮਲ ਚੱਕ ਸਾਹਬੂ ਤੇ ਸਮੂਹ ਬਸਪਾ ਟੀਮ ਅੱਪਰਾ ਹਾਜ਼ਰ ਸਨ ।

# ਡੇਰਾ ਪੰਜ ਪੀਰ ਜੀ ਖਾਨਪੁਰ-ਲਾਂਦੜਾ ਵਿਖੇ ਸਾਲਾਨਾ ਜੋੜ ਮੇਲਾ 31 ਮਈ, 1 ਤੇ 2 ਜੂਨ ਨੂੰ

ਫਿਲੌਰ/ਅੱਪਰਾ, 28 ਮਈ (ਦੀਪਾ)-ਕਰੀਬੀ ਪਿੰਡ ਖਾਨਪੁਰ-ਲਾਂਦੜਾ ਵਿਖੇ ਸਥਿਤ ਪ੍ਰਸਿੱਧ ਤੇ ਇਤਿਹਾਸਿਕ ਅਸਥਾਨ ਡੇਰਾ ਪੰਜ ਪੀਰ ਜੀ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਗੱਦੀਨਸ਼ੀਨ 108 ਸੰਤ ਤ੍ਰਿਵੈਣੀ ਦਾਸ ਜੀ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਪਿੰਡ ਖਾਨਪੁਰ-ਲਾਂਦੜਾ, ਐੱਨ. ਆਰ. ਆਈ ਵੀਰਾਂ, ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਮਿਤੀ 31 ਮਈ ਦਿਨ ਐਤਵਾਰ, 1 ਜੂਨ ਦਿਨ ਸੋਮਵਾਰ ਤੇ ਤੇ 2 ਜੂਨ ਦਿਨ ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉਸਤਾਦ ਗਾਇਕ ਜਨਾਬ ਬੂਟਾ ਮੁਹੰਮਦ ਤੇ ਸਮੂਹ ਮੋਹਤਬਰਾਂ ਨੇ ਦੱਸਿਆ ਕਿ ਇਸ ਮੌਕੇ 31 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਝੰਡੇ ਦੀ ਰਸਮ ਨਿਭਾਈ ਜਾਵੇਗੀ । ਇਸੇ ਦਿਨ ਪੰਜਾਬ ਦੇ ਪ੍ਰਸਿੱਧ ਕੱਵਾਲ ਤੇ ਨੱਕਾਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । 1 ਤੇ 2 ਜੂਨ ਨੂੰ ਪੰਜਾਬੀ




ਗਾਇਕ ਸਤਵਿੰਦਰ ਬੁੱਗਾ, ਬੂਟਾ ਮੁਹੰਮਦ, ਮਾਸ਼ਾ ਅਲੀ, ਸਰਦਾਰ ਅਲੀ, ਰਣਜੀਤ ਮਣੀ, ਰਾਏ ਜੁਝਾਰ ਤੇ ਅਮਨ ਕੌਰ, ਸੁਲਤਾਨ ਮੁਹੰਮਦ, ਕਮਲ ਕਟਾਣੀਆ, ਆਰ. ਕੇ ਮਹਿੰਦੀ, ਜਮੀਲ ਅਖਤਰ, ਕੁਲਵੰਤ ਕਲੇਰ, ਹੈਰੀ ਖੈਹਾਨ, ਗੁਰਵਿੰਦਰ ਬੱਲੋਵਾਲ, ਉਸਤਾਦ ਸੁੱਚਾ ਸਬਰੀ, ਅਸ਼ੋਕ ਅਰਸ਼ ਫਿਲੌਰੀਆ ਤੇ ਹੋਰ ਪੰਜਾਬੀ ਗਾਇਕ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਮਿਸਟਰ ਕੇ ਟੀ ਅੱਪਰਾ ਤੇ ਰਵੀ ਭੰਡਾਲ ਫਗਵਾੜਾ ਬਾਖੂਬੀ ਨਿਭਾਉਣਗੇ । ਮੇਲੇ ਦੇ ਤਿੰਨੋਂ ਦਿਨ ਅਤੁੱਟ ਲੰਗਰ ਵਰਤਾਏ ਜਾਣਗੇ ।

# ਐੱਸ.ਐੱਸ.ਪੀ. ਡਾ. ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਲਾਚੌਰ ਥਾਣਾ ਸਦਰ ਪੁਲਿਸ ਵਲੋਂ ਦੇਰ ਰਾਤ ਵਿਸ਼ੇਸ਼ ਨਾਕਾਬੰਦੀ; ਗੱਡੀਆਂ ਦੀ ਸ਼ੱਕੀ ਚੈਕਿੰਗ

**ਨਵਾਂਸ਼ਹਿਰ /ਕਾਠਗੜ੍ਹ 28 ਮਈ (ਜਤਿੰਦਰਪਾਲ ਸਿੰਘ ਕਲੇਰ):** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐੱਸ.ਐੱਸ.ਪੀ. ਡਾ. ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਰੱਖਣ ਅਤੇ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ ਲਈ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ ਹਨ। ਇਸੇ ਤਹਿਤ ਥਾਣਾ ਸਦਰ ਬਲਾਚੌਰ ਦੇ ਮੁੱਖ ਅਫ਼ਸਰ (ਐੱਸ.ਐੱਚ.ਓ.) ਸਬ-ਇੰਸਪੈਕਟਰ ਬਿਕਰਮ ਸਿੰਘ ਵਲੋਂ ਦੇਰ ਰਾਤ ਇਲਾਕੇ ਵਿੱਚ ਵਿਸ਼ੇਸ਼ ਨਾਈਟ ਚੈਕਿੰਗ ਮੁਹਿੰਮ ਚਲਾਈ ਗਈ। ਇਸ ਵਿਸ਼ੇਸ਼ ਆਪ੍ਰੇਸ਼ਨ ਦੌਰਾਨ ਹਾਈਟੈੱਕ ਨਾਕਾ ਆਸਰੋਂ ਤੋਂ ਲੈ ਕੇ ਪੋਜੇਵਾਲ ਤੱਕ ਵੱਖ-ਵੱਖ ਥਾਵਾਂ 'ਤੇ ਸਰਪ੍ਰਾਈਜ਼ ਨਾਕੇ ਲਗਾ ਕੇ ਚੈਕਿੰਗ ਕੀਤੀ ਗਈ। ਐੱਸ.ਐੱਚ.ਓ. ਬਿਕਰਮ ਸਿੰਘ ਨੇ ਖੁਦ ਮੌਕੇ 'ਤੇ ਮੌਜੂਦ ਰਹਿ ਕੇ ਡਿਊਟੀ



ਸੰਭਾਲੀ ਅਤੇ ਆਉਣ-ਜਾਣ ਵਾਲੇ ਸ਼ੱਕੀ ਵਾਹਨਾਂ ਅਤੇ ਗੱਡੀਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ।ਐੱਸ.ਐੱਚ.ਓ. ਬਿਕਰਮ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਰਾਤ ਦੇ ਸਮੇਂ ਹੋਣ ਵਾਲੀਆਂ ਅਪਰਾਧਿਕ ਗਤੀਵਿਧੀਆਂ ਨੂੰ ਠੱਲ੍ਹ ਪਾਉਣਾ ਅਤੇ ਇਲਾਕੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣਾ ਹੈ। ਐੱਸ.ਐੱਚ.ਓ. ਬਿਕਰਮ ਸਿੰਘ ਨੇ ਦੱਸਿਆ



ਕਿ ਇਹ ਚੈਕਿੰਗ ਅੱਗੇ ਵੀ ਲਗਾਤਾਰ ਜਾਰੀ ਰਹੇਗੀ ਤਾਂ ਜੋ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ।

# ਪੜ੍ਹਾਈ ਛੱਡਣ ਦੀ ਕੋਈ ਜ਼ਰੂਰਤ ਨਹੀਂ ਮੈਂ ਨਾਲ ਹਾਂ ਮੈਂ ਤੈਨੂੰ ਪੜ੍ਹਾਵਾਗੀ --ਪ੍ਰਿਆ ਅੰਬੇਦਕਰ

ਬੰਗਾ (ਚਰਨਜੀਤ ਸੱਲ੍ਹਾ )ਲਾਇਬ੍ਰੇਰੀ ਚ ਬੈਠੀ ਨੂੰ ਇੱਕ ਭੈਣ ਦਾ ਫੋਨ ਆਇਆ ਕਿ ਉਸਦੇ ਬੱਚਿਆ ਨੂੰ ਸਕੂਲ ਵਾਲੇ ਤੰਗ ਕਰ ਰਹੇ ਹਨ ਲ ਸਕੂਲ ਵਾਲੇ ਕਹਿ ਰਹੇ ਹਨ ਜੇ ਸਕੂਲ ਵਿਚ ਬੱਚਿਆ ਦੀ ਫੀਸ ਜਮਾ ਨਾ ਕਰਵਾਈ ਤਾਂ ਪ੍ਰੀਖਿਆ ਵਿਚ ਬੈਠਣ ਨਹੀਂ ਦਿੱਤਾ ਜਾਵੇਗਾ ਲ ਉਸਨੇ ਦੱਸਿਆ ਕਿ ਬੱਚੇ ਪੜ੍ਹਾਈ ਵਿਚ ਅਵੱਲ ਹਨ ਪਰ ਮਾੜਾ ਵਕਤ ਆਉਣ ਲੱਗਾ ਇਹ ਸਭ ਨਹੀਂ ਦੇਖਦਾ...ਮਾਤਾ ਸਾਵਿਤਰੀਬਾਈ ਫੂਲੇ ਜੀ ਦੇ ਅਸ਼ੀਰਵਾਦ ਸਦਕਾ ਮੈਂ ਉਸ ਭੈਣ ਦੇ ਬੱਚਿਆ ਦੀ ਪੜ੍ਹਾਈ ਦੀ ਜਿੰਮੇਦਾਰੀ ਆਪਣੇ ਸਿਰ ਲੈ ਲਈ ਹੈ ਲ ਘਰ ਦੇ ਹਲਾਤਾਂ ਨੂੰ ਦੇਖਦਿਆਂ ਬੱਚੀ ਨੇ ਮੇਰੇ ਮੋਹਰੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਉਹ 12 ਪਾਸ ਕਰਕੇ ਇਸ ਸਾਲ ਪੜ੍ਹਾਈ ਛੱਡ ਦਵੇਗੀ ਤੇ ਆਪਣੇ ਬਾਪ ਨਾਲ ਆਰਥਿਕ ਤੌਰ ਉੱਤੇ ਹੱਥ ਵੰਡਾਏਗੀ ਲ ਪਰ ਪੁੱਛਣ ਤੇ ਪਤਾ ਚੱਲਿਆ ਕੇ ਕੰਪਿਊਟਰ ਦੀ ਪੜ੍ਹਾਈ ਕਰਨਾ ਚਾਹੁੰਦੀ ਹੈ, ਪਰ ਗਰੀਬੀ ਕਾਰਨ ਘਰ ਦੇ ਹਾਲਾਤਾਂ ਕਾਰਨ ਉਹ ਅਜਿਹਾ ਨਹੀਂ ਕਰ ਸਕਦੀ ਲ ਇਹ ਗੱਲਾਂ ਸੁਣਦੇਆਂ ਮੈਂ ਮੌਕੇ ਉੱਤੇ ਉਸਦੇ ਅਕਾਊਂਟ ਵਿਚ ਜਿੰਨੀ ਉਸਨੂੰ ਜਰੂਰਤ ਸੀ ਉਸ ਤੋਂ ਵੱਧ ਪੈਸਾ ਪਾ ਦਿੱਤਾ ਤੇ ਕਿਹਾ “ ”ਪੜ੍ਹਾਈ ਛੱਡਣ ਦੀ ਕੋਈ ਜਰੂਰਤ ਨਹੀਂ ਆ, ਮੈਂ ਨਾਲ ਆ ...ਮੈਂ ਤੈਨੂੰ ਪੜ੍ਹਾਊਂਗੀ ...ਜਿੰਨਾ ਮਰਜ਼ੀ ਪੜ੍ਹ ਲ “ ” ਉਸ ਭੈਣ ਨੇ ਮੈਨੂੰ ਬੜੀਆਂ ਦੁਆਵਾ ਦਿੱਤੀਆਂ. ..ਤੇ ਧੰਨਵਾਦ

ਕੀਤਾ ਲ ਪਰ ਮੈਨੂੰ ਧੰਨਵਾਦ ਨਹੀਂ ਚਾਹੀਦਾ ਸਗੋਂ ਮੈਂ ਉਸਦਾ ਧੰਨਵਾਦ ਕੀਤਾ ਜੋ ਉਸਨੇ ਮੈਨੂੰ ਆਪਣੀ ਨੇਕ ਕਮਾਈ ਚੋ ਦਸਵੰਦ ਕਢਵਾ ਕੇ ਕਰਮ ਕਮਾਉਣ ਦਾ ਮੌਕਾ ਦਿੱਤਾ ਲ ਮੈਂ ਬਸ ਓਹਨਾ ਅੱਗੇ ਇਹੀ ਬੇਨਤੀ ਕੀਤੀ ਕੇ ਜਦੋ ਬੱਚੀ ਪੜ੍ਹ ਲਿਖ ਗਈ ਤਾਂ ਉਹ ਵੀ ਸਮਾਜ ਵਿਚ



ਜਰੂਰਤਮੰਦਾ ਦੀ ਬਾਂਹ ਫੜ ਕੇ ਪਓ ਬਓਚਕ ਟੋ ਸੋਚਿਏ-ਟੇ ਕਰੇ...ਇਸ ਪੋਸਟ ਨੂੰ ਪਾਉਣ ਦਾ ਮਤਲਬ ਆਪਣੀ ਵਡਿਆਈ ਆਪਣੇ ਮੂੰਹੋ ਆਪ ਕਰਨਾ ਨਹੀਂ ਸਗੋਂ ਸਮਾਜ ਨੂੰ ਸੇਧ ਦੇਣਾ ਹੈ ਲ ਜਿੰਨੇ ਵੀ ੍ੀ ਆ ਓਹਨਾ ਨੂੰ ਬੇਨਤੀ ਆ ਕੇ ਆਪਣੇ ਆਸ ਪਾਸ ਨਜ਼ਰ ਮਾਰੋ ਤੇ ਸਮਾਜ ਦੇ ਹੀਰੇਆ ਨੂੰ ਚੁਣੋ ਤੇ ਓਹਨਾ ਨੂੰ ਚਮਕਾਉਣ ਦਾ ਯਤਨ ਕਰੋ ਲ ਜਰੂਰਤਮੰਦ ਨਿਆਣਿਆ, ਨੌਜਵਾਨਾਂ ਦੀਆਂ ਪੜ੍ਹਾਈਆਂ ਦੇ ਖਰਚੇ ਚੁੱਕੋ ...ਬਹੁਤਾ ਨਹੀਂ ਤਾਂ ਇੱਕ ਇੱਕ ਬੱਚੇ ਦੀ ਪੜ੍ਹਾਈ ਦੀ ਹੀ ਜਿੰਮੇਦਾਰੀ ਚੱਕ ਲਓ ...!!

ਤਾਂ ਜੋ ਬਾਬਾ ਸਾਹਬ ਡਾ. ਅੰਬੇਡਕਰ ਅਤੇ ਸਾਵਿਤਰੀਬਾਈ ਫੂਲੇ ,ਜੋਤੀਰਾਓ ਫੂਲੇ ਜੀ ਦੀ ਸੋਚ ਉੱਤੇ ਅਸਲ ਮਾਇਨੇ ਚ ਪਹਿਰਾ ਦਿੱਤਾ ਜਾ ਸਕੇ ਬਹੁਤ ਬਹੁਤ ਧੰਨਵਾਦ

ਜੈ ਭੀਮ. ..ਨਮੋ ਬੁੱਧਾਏ

ਪ੍ਰਿਆ ਅੰਬੇਦਕਰ

# ਏ.ਡੀ.ਸੀ. ਨੇ ਕੀਤੀ ਜ਼ਿਲ੍ਹਾ ਚੋਣ ਦਫ਼ਤਰ 'ਚ ਹੈਲਪ ਡੈਸਕ ਦੀ ਸ਼ੁਰੂਆਤ

## ਸਪੈਸ਼ਲ ਇੰਟੈਂਸਿਵ ਰਿਵੀਜਨ ਮੁਹਿੰਮ ਤਹਿਤ ਵੋਟਰਾਂ ਨੂੰ ਦਿੱਤੀਆਂ ਜਾਣਗੀਆਂ ਵੱਖ-ਵੱਖ ਸੁਵਿਧਾਵਾਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**ਭਾਰਤ ਚੋਣ ਕਮਿਸ਼ਨ ਅਤੇ ਜ਼ਿਲ੍ਹਾ ਚੋਣ ਅਫ਼ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਧੀ ਕੁਮਦ ਬੰਬਾਹ ਵਲੋਂ ਬੁੱਧਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਜ਼ਿਲ੍ਹਾ ਚੋਣ ਦਫ਼ਤਰ, ਕਮਰਾ ਨੰਬਰ 217 ਵਿਚ ਹੈਲਪ ਡੈਸਕ ਦੀ ਸ਼ੁਰੂਆਤ ਕੀਤੀ ਗਈ। ਇਹ ਹੈਲਪ ਡੈਸਕ ਆਗਾਮੀ ਸਪੈਸ਼ਲ ਇੰਟੈਂਸਿਵ ਰਿਵੀਜਨ (ਐਸ.ਆਈ.ਆਰ) ਮੁਹਿੰਮ ਦੌਰਾਨ ਵੋਟਰਾਂ ਨੂੰ ਜ਼ਰੂਰੀ ਸਹਾਇਤਾ ਅਤੇ ਜਾਣਕਾਰੀ ਉਪਲਬੱਧ ਕਰਵਾਉਣ ਦੇ ਉਦੇਸ਼ ਨਾਲ ਸਥਾਪਿਤ ਕੀਤਾ ਗਿਆ ਹੈ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵਲੋਂ ਜਾਰੀ ਹਦਾਇਤਾਂ ਤਹਿਤ ਸਾਰੇ ਯੋਗ ਨਾਗਰਿਕਾਂ, ਵਿਸ਼ੇਸ਼ ਤੌਰ 'ਤੇ ਦਿਵਿਆਂਗ ਵਿਅਕਤੀਆਂ, ਪ੍ਰਵਾਸੀ ਵੋਟਰਾਂ ਅਤੇ ਬਜ਼ੁਰਗ ਵੋਟਰਾਂ ਨੂੰ ਚੋਣਾਂ ਸਬੰਧੀ ਸੇਵਾਵਾਂ ਤੱਕ ਆਸਾਨ ਪਹੁੰਚ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਪੱਧਰ 'ਤੇ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹੈਲਪ




ਡੈਸਕ ਰਾਹੀਂ ਵੋਟਰਾਂ ਨੂੰ ਐਸ.ਆਈ.ਆਰ ਮੁਹਿੰਮ ਦੀ ਸਮਾਂ ਸੀਮਾ, ਯੋਗਤਾ ਅਤੇ ਰਜਿਸਟਰੇਸ਼ਨ, ਸੋਧ ਅਤੇ ਨਾਮ ਹਟਾਉਣ ਲਈ ਜ਼ਰੂਰੀ ਦਸਤਾਵੇਜ਼ਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵੋਟਰਾਂ ਨੂੰ ਪਿਛਲੇ ਵਿਸ਼ੇਸ਼ ਸੋਧ ਰਿਕਾਰਡ ਨਾਲ ਜੋੜਨ, ਗਿਣਤੀ ਫਾਰਮ ਭਰਨ ਅਤੇ ਜਮ੍ਹਾਂ ਕਰਵਾਉਣ ਵਿਚ ਵੀ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਵਾਸੀ ਵੋਟਰਾਂ ਨੂੰ ਉਨ੍ਹਾਂ ਦੇ ਵਰਤਮਾਨ ਅਤੇ ਪੂਰਵ ਵਿਧਾਨ ਸਭਾ ਹਲਕੇ ਦੀ ਪਹਿਚਾਣ ਵਿਚ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦਾ ਨਾਮ ਸਹੀ ਸਥਾਨ 'ਤੇ ਦਰਜ ਕੀਤਾ ਜਾ ਸਕੇ। ਵੋਟਰਾਂ ਦੀ ਜਾਗਰੂਕਤਾ ਵਧਾਉਣ ਲਈ ਸਥਾਨਕ ਭਾਸ਼ਾ ਵਿਚ ਸੂਚਨਾ ਅਤੇ ਸੰਚਾਰ ਸਮਗਰੀ ਵੀ ਹੈਲਪ ਡੈਸਕ 'ਤੇ ਪ੍ਰਦਰਸ਼ਤ ਕੀਤੀ ਜਾਵੇਗੀ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹੈਲਪ ਡੈਸਕ 'ਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਤਾਇਨਾਤੀ ਕੀਤੀ ਗਈ ਹੈ ਤਾਂ ਜੋ ਵੋਟਰ ਆਸਾਨੀ ਨਾਲ ਆਪਣੇ ਵੇਰਵੇ ਪਿਛਲੇ ਸੋਧੇ ਰਿਕਾਰਡ ਨਾਲ ਲਿੰਕ ਕਰਵਾ ਸਕਣ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਚੋਣ ਕਮਿਸ਼ਨ ਦੇ ਹੈਲਪ ਲਾਈਨ ਨੰਬਰ 1950 ਅਤੇ ਆਲ-ਇਨਕਲਿਊਸਿਵ ਮੋਬਾਇਲ ਐਪ ਈ.ਸੀ.ਆਈ.ਨੈਟ ਦਾ ਵੱਧ ਤੋਂ ਵੱਧ ਵਰਤੋਂ ਕਰਨ। ਉਨ੍ਹਾਂ ਦੱਸਿਆ ਕਿ ਐਪ ਵਿਚ ਉਪਲਬੱਧ 'ਬੁੱਕ ਏ ਕਾਲ ਵਿਦ ਬੀ.ਐਲ.ਓ' ਸੁਵਿਧਾ ਰਾਹੀਂ ਵੋਟਰ ਸਿੱਧੇ ਆਪਣੇ ਬੀ.ਐਲ.ਓ. ਨਾਲ ਸੰਪਰਕ ਕਰਕੇ ਜ਼ਰੂਰੀ ਲੋੜੀਂਦੀ ਅਗਵਾਈ ਅਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਚੋਣ ਕਾਨੂੰਗੋ ਦੀਪਕ ਕੁਮਾਰ, ਲਖਬੀਰ ਸਿੰਘ ਵੀ ਮੌਜੂਦ ਸਨ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਮ ਨਾਲ ਸੁਸ਼ੋਭਿਤ ਹੋਇਆ ਨਲੋਈਆਂ ਚੌਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ, ਸੰਤ ਮਹਾਪੁਰਸ਼ਾਂ ਅਤੇ ਵੱਡੀ ਗਿਣਤੀ ਵਿਚ ਮੌਜੂਦ ਸੰਗਤ ਦੀ ਹਾਜ਼ਰੀ ਵਿਚ ਨਲੋਈਆਂ ਚੌਕ ਦੇ ਸੁੰਦਰੀਕਰਨ ਉਪਰੰਤ ਉਸ ਦਾ ਨਾਮਕਰਨ 'ਸ਼ਹੀਦ ਬਾਬਾ ਦੀਪ ਸਿੰਘ ਜੀ ਚੌਕ' ਦੇ ਰੂਪ ਵਿਚ ਕਰਕੇ ਸ਼ਹਿਰਵਾਸੀਆਂ ਅਤੇ ਸੰਗਤ ਨੂੰ ਸਮਰਪਿਤ ਕੀਤਾ। ਇਸ ਮੌਕੇ ਧਾਰਮਿਕ ਸ਼ਰਧਾ, ਸਮਾਜਿਕ ਏਕਤਾ ਅਤੇ ਇਤਿਹਾਸਕ ਵਿਰਾਸਤ ਪ੍ਰਤੀ ਗਹਿਰਾ ਸਨਮਾਨ ਦੇਖਣ ਨੂੰ ਮਿਲਿਆ। ਸਮਾਰੋਹ ਦੌਰਾਨ ਚੌਕ ਵਿਚ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ ਜਿਸ ਨੇ ਪੂਰੇ ਵਾਤਾਵਰਣ ਨੂੰ ਅਧਿਆਤਮਿਕ ਅਤੇ ਗੌਰਵਮਈ ਬਣਾ ਦਿੱਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਚੌਕ ਪਹਿਲਾਂ ਤੋਂ ਹੀ ਸ਼ਹਿਰ ਦਾ ਇਕ ਮਹੱਤਵਪੂਰਨ ਸਥਾਨ ਰਿਹਾ ਹੈ ਜਿਥੋਂ ਪ੍ਰਤੀ ਦਿਨ ਵੱਡੀ ਗਿਣਤੀ ਵਿਚ ਸ਼ਰਧਾਲੂ ਪਠਾਨਕੋਟ ਅਤੇ ਮਾਤਾ ਚਿੰਤਪੁਰਨੀ ਨੂੰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਗੁਰਦੁਆਰਾ ਸ਼ਹੀਦ ਸਿੰਘਾ ਦੀ ਸੰਗਤ ਅਤੇ ਸ਼ਹਿਰਵਾਸੀਆਂ ਦੀ ਇਹ ਭਾਵਨਾ ਸੀ ਕਿ ਨਲੋਈਆਂ ਚੌਕ ਦਾ ਸੁੰਦਰੀਕਰਨ ਕਰਕੇ ਇਸ ਦਾ ਨਾਮ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਜਾਵੇ, ਤਾਂ ਜੋ ਇਹ ਸਥਾਨ ਸ਼ਰਧਾ, ਵੀਰਤਾ ਅਤੇ ਬਲੀਦਾਨ ਦੀ ਪ੍ਰੇਰਣਾ ਦਾ ਕੇਂਦਰ ਬਣ ਸਕੇ। ਉਨ੍ਹਾਂ ਕਿਹਾ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਹਸ, ਤਿਆਗ ਅਤੇ ਧਰਮ



ਦੀ ਰੱਖਿਆ ਲਈ ਸਮਰਪਣ ਦਾ ਸਰਵਉਚ ਉਦਾਹਰਨ ਹੈ। ਉਨ੍ਹਾਂ ਦੇ ਨਾਮ 'ਤੇ ਚੌਕ ਦਾ ਨਾਮਕਰਨ ਪੂਰੇ ਸ਼ਹਿਰ ਲਈ ਗੌਰਵ ਅਤੇ ਮਾਣ ਦੀ ਗੱਲ ਹੈ। ਇਸ ਨਾਲ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਅਤੇ ਮਹਾਨ ਸ਼ਹੀਦਾਂ ਦੇ ਆਦਰਸ਼ਾਂ ਦੀ ਪ੍ਰੇਰਣਾ ਮਿਲੇਗੀ। ਉਨ੍ਹਾਂ ਦੱਸਿਆ ਕਿ ਸੰਗਤਾਂ ਦੀ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਤਾਲਮੇਲ ਸਥਾਪਿਤ ਕਰਕੇ ਚੌਕ ਦੇ ਸੁੰਦਰੀਕਰਨ ਅਤੇ ਨਾਮਕਰਨ ਸਬੰਧੀ ਸਾਰੇ ਜ਼ਰੂਰੀ ਪ੍ਰਬੰਧ ਪੂਰੇ ਕੀਤੇ ਗਏ। ਵਿਧਾਇਕ ਜਿੰਪਾ ਨੇ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਲੋਕ ਭਾਵਨਾਵਾਂ ਅਤੇ ਧਾਰਮਿਕ ਆਸਥਾ ਨਾਲ ਜੁੜੇ ਕੰਮਾਂ ਨੂੰ ਪੂਰੀ ਮਰਿਆਦਾ ਅਤੇ ਸਨਮਾਨ ਨਾਲ ਪੂਰਾ ਕਰਨਾ ਉਨ੍ਹਾਂ ਦੀ ਪਹਿਲ ਹੈ।

# ਰਾਜਾ ਵੜਿੰਗ ਦਾ ਬਲਦ ਰੇੜ੍ਹੇ 'ਤੇ ਵੋਟ ਪਾਉਣਾ ਮਹਿਜ਼ ਇੱਕ 'ਡਰਾਮਾ': ਬ੍ਰਿਗੇਡੀਅਰ ਰਾਜ ਕੁਮਾਰ

## ਚੇਅਰਮੈਨ ਗੁੱਜਰ ਵੈਲਫੇਅਰ ਬੋਰਡ ਨੇ ਕਾਂਗਰਸ ਪ੍ਰਧਾਨ 'ਤੇ ਸਾਧੇ ਤਿੱਖੇ ਨਿਸ਼ਾਨੇ; ਸੁਰਖ਼ੀਆਂ 'ਚ ਰਹਿਣ ਦੀ ਭੁੱਖ ਦੱਸਿਆ

**ਨਵਾਂਸ਼ਹਿਰ/ਕਾਠਗੜ੍ਹ, 28 ਮਈ (ਜਤਿੰਦਰ ਪਾਲ ਸਿੰਘ ਕਲੇਰ) :** ਪੰਜਾਬ ਵਿੱਚ ਨਗਰ ਕੌਂਸਲ ਅਤੇ ਨਗਰ ਨਿਗਮ ਚੋਣਾਂ ਦੇ ਮਾਹੌਲ ਦਰਮਿਆਨ ਸਿਆਸੀ ਬਿਆਨਬਾਜ਼ੀ ਤੇਜ਼ ਹੋ ਗਈ ਹੈ। ਬੀਤੀ 26 ਮਈ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਆਪਣੀ ਪਤਨੀ ਸਮੇਤ ਬਲਦ ਰੇੜ੍ਹੇ 'ਤੇ ਸਵਾਰ ਹੋ ਕੇ ਵੋਟ ਪਾਉਣ ਜਾਣ ਦਾ ਮਾਮਲਾ ਹੁਣ ਸਿਆਸੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਸਬੰਧੀ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਰਾਜਾ ਵੜਿੰਗ 'ਤੇ ਤਿੱਖੇ ਸਿਆਸੀ ਹਮਲੇ ਕੀਤੇ ਹਨ। ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਖ਼ਾਸ ਗੱਲਬਾਤ ਕਰਦਿਆਂ


ਬ੍ਰਿਗੇਡੀਅਰ ਰਾਜ ਕੁਮਾਰ ਨੇ ਕਾਂਗਰਸ ਪ੍ਰਧਾਨ ਦੇ ਇਸ ਕਦਮ ਨੂੰ ਮਹਿਜ਼ ਇੱਕ "ਪਬਲੀਸਿਟੀ ਸਟੰਟ" ਕਰਾਰ ਦਿੱਤਾ।

**– 'ਸੁਰਖ਼ੀਆਂ 'ਚ ਰਹਿਣ ਲਈ ਕਰਦੇ ਨੇ ਡਰਾਮੇਬਾਜ਼ੀ'**

ਬ੍ਰਿਗੇਡੀਅਰ ਰਾਜ ਕੁਮਾਰ ਨੇ ਬੜੇ ਬੇਬਾਕ ਅੰਦਾਜ਼ ਵਿੱਚ ਕਿਹਾ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਕੋਲ ਜਨਤਾ ਦੇ ਹਿੱਤਾਂ ਲਈ ਕੋਈ ਠੋਸ ਮੁੱਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਮੀਡੀਆ ਅਤੇ ਸੁਰਖ਼ੀਆਂ ਵਿੱਚ ਬਣੇ ਰਹਿਣ ਲਈ ਹਮੇਸ਼ਾ ਕੋਈ ਨਾ ਕੋਈ ਨਵਾਂ ਡਰਾਮਾ ਕਰਦੇ ਰਹਿੰਦੇ ਹਨ। ਬਲਦ ਰੇੜ੍ਹੇ 'ਤੇ ਵੋਟ ਪਾਉਣ ਜਾਣਾ ਲੋਕਾਂ ਦੀ ਹਮਦਰਦੀ ਜਿੱਤਣ ਦਾ ਇੱਕ ਨਾਕਾਮ ਯਤਨ ਹੈ, ਜਿਸ ਨੂੰ ਪੰਜਾਬ ਦੇ ਸੂਝਵਾਨ ਲੋਕ ਚੰਗੀ ਤਰ੍ਹਾਂ ਸਮਝਦੇ ਹਨ।

ਚੋਣਾਂ ਦੌਰਾਨ ਸਿਆਸੀ ਪਾਰਾ ਗਰਮ

ਜ਼ਿਕਰਯੋਗ ਹੈ ਕਿ ਚੋਣਾਂ ਵਾਲੇ ਦਿਨ ਰਾਜਾ ਵੜਿੰਗ ਦੀ ਬਲਦ ਰੇੜ੍ਹੇ ਵਾਲੀ ਤਸਵੀਰ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋਈ ਸੀ, ਜਿਸ ਨੂੰ ਕਾਂਗਰਸ ਵੱਲੋਂ ਇੱਕ ਸਾਦਗੀ ਦਾ ਪ੍ਰਤੀਕ ਦੱਸਿਆ ਜਾ ਰਿਹਾ ਸੀ। ਪਰ ਹੁਣ ਵਿਰੋਧੀ ਧਿਰਾਂ, ਖ਼ਾਸ ਕਰਕੇ 'ਆਪ' ਵੱਲੋਂ ਇਸ ਨੂੰ ਚੋਣ ਸਟੰਟ ਦੱਸ ਕੇ ਘੇਰਿਆ ਜਾ ਰਿਹਾ ਹੈ। ਬ੍ਰਿਗੇਡੀਅਰ ਰਾਜ ਕੁਮਾਰ ਦੇ ਇਸ ਬਿਆਨ ਤੋਂ ਬਾਅਦ ਹੁਣ ਦੇਖਣਾ ਇਹ ਹੋਵੇਗਾ ਕਿ ਕਾਂਗਰਸ ਪਾਰਟੀ ਜਾਂ ਖ਼ੁਦ ਰਾਜਾ ਵੜਿੰਗ ਇਸ ਪਲਟਵਾਰ ਦਾ ਕੀ ਜਵਾਬ ਦਿੰਦੇ ਹਨ। ਫਿਲਹਾਲ ਇਸ ਬਿਆਨਬਾਜ਼ੀ ਨੇ ਇਲਾਕੇ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਗਰਮਾ ਦਿੱਤਾ ਹੈ।

# ਉੱਘੇ ਹਾਕੀ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ ਦਾ ਜਰਖੜ ਸਟੇਡੀਅਮ ਵਿਖੇ 31 ਮਈ ਨੂੰ ਹੋਵੇਗਾ ਵਿਸ਼ੇਸ਼ ਸਨਮਾਨ

ਲੁਧਿਆਣਾ 28 ਮਈ (ਹਰਜਿੰਦਰ ਪਾਲ ਛਾਬੜਾ) ਰੇਲ ਕੋਚ ਫੈਕਟਰੀ ਦੇ ਸਾਬਕਾ ਨਾਮੀ ਕੌਮੀ ਖਿਡਾਰੀ ਅਤੇ ਸਰਜੀਤ ਹਾਕੀ ਦੇ ਰਹਿਨੁਮਾ,ਹਾਕੀ ਖੇਡ ਨੂੰ ਸਮਰਪਿਤ ਸ਼ਖਸੀਅਤ ਸੁਰਿੰਦਰ ਸਿੰਘ ਭਾਪਾ ਦਾ 16ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੌਰਾਨ ਦੇ 31 ਮਈ ਨੂੰ ਫਾਈਨਲ ਸਮਾਰੋਹ ਤੇ ਜਰਖੜ ਖੇਡ ਸਟੇਡੀਅਮ ਵਿਖੇ ਵਿਸ਼ੇਸ਼ ਸਨਮਾਨ ਹੋਵੇਗਾ।

ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੁਰਿੰਦਰ ਸਿੰਘ ਭਾਪਾਂ ਪਿਛਲੇ 40 ਸਾਲਾਂ ਤੋਂ ਖੇਡਾਂ ਦੀ ਸੇਵਾ ਕਰ ਰਹੇ ਹਨ। ਉਹ ਰੇਲ ਕੋਚ ਫੈਕਟਰੀ ਤੋਂ ਖੇਡ ਵੈਲਫੇਅਰ ਅਫਸਰ ਦੇ ਅਹੁਦੇ ਤੇ ਸੇਵਾ ਨਿਭਾਉਂਦਿਆਂ ਉੱਚ ਅਧਿਕਾਰੀ ਵਜੋਂ ਸੇਵਾ ਮੁਕਤ ਹੋਏ ਹਨ ਅਤੇ ਸੁਰਜੀਤ ਹਾਕੀ ਟੂਰਨਾਮੈਂਟ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੁਕਾਮ ਤੇ ਲਿਜਾਣ ਵਿੱਚ ਉਹਨਾਂ ਨੇ ਅਹਿਮ ਭੂਮਿਕਾ ਨਿਭਾਈ ਹੈ । ਉਹਨਾਂ ਦਾ ਸਾਰਾ ਜੀਵਨ ਹੀ ਹਾਕੀ



ਖੇਡ ਪ੍ਰਤੀ ਸਮਰਪਿਤ ਰਿਹਾ ਹੈ ਉਹਨਾਂ ਦੀਆਂ ਹਾਕੀ ਖੇਡ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਨੇ ਚੱਲ ਰਹੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਫਾਈਨਲ ਸਮਾਰੋਹ ਤੇ 31 ਮਈ ਨੂੰ ਸ਼ਾਮ 7 ਵਜੇ ਉਹਨਾਂ ਨੂੰ ਪੰਜਾਬ ਦਾ ਮਾਣ ਐਵਾਰਡ ਦੇ ਕੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਜਗਰੂਪ ਸਿੰਘ ਜਰਖੜ ਨੇ ਭਾਰਤ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਸੁਰਿੰਦਰ ਸਿੰਘ ਭਾਪਾ ਦੀਆਂ ਖੇਡਾਂ ਪ੍ਰਤੀ ਖਾਸ ਕਰਕੇ ਹਾਕੀ ਪ੍ਰਤੀ ਉਹਨਾਂ ਦੀਆਂ ਦਿੱਤੀਆਂ ਸੇਵਾਵਾਂ ਨੂੰ ਦੇਖਦਿਆਂ ਉਹਨਾਂ ਨੂੰ ਪਦਮ ਸ੍ਰੀ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਜਾਵੇ।

# ਡੀਜ਼ਲ ਦੀਆਂ ਵੱਧ ਰਹੀਆਂ ਕੀਮਤਾਂ ਨੇ ਖੇਤੀ ਨੂੰ ਕੀਤਾ ਘਾਟੇ ਦਾ ਸੌਦਾ, ਕਿਸਾਨਾਂ ਲਈ ਘੱਟੋ ਘੱਟ ਸਮਰੱਥਨ ਮੁੱਲ ਮੁੜ ਤੈਅ ਕਰੇ ਕੇਂਦਰ ਸਰਕਾਰ : ਜੱਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ 28ਮਈ (ਜਤਿੰਦਰ ਪਾਲ ਸਿੰਘ ਕਲੇਰ )** ਉੱਘੇ ਸਮਾਜ ਸੇਵੀ ਅਤੇ ਜੱਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਅੱਜ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਡੀਜ਼ਲ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਨੇ ਖੇਤੀਬਾੜੀ ਨੂੰ ਗੰਭੀਰ ਆਰਥਿਕ ਸੰਕਟ ਵੱਲ ਧੱਕ ਦਿੱਤਾ ਹੈ। ਦੋਭਾਲੀ ਨੇ ਕਿਹਾ ਕਿ ਖੇਤੀਬਾੜੀ ਦੀ ਲਾਗਤ ਵਿੱਚ ਡੀਜ਼ਲ ਸਭ ਤੋਂ ਵੱਡੇ ਖਰਚਿਆਂ ਵਿੱਚੋਂ ਇੱਕ ਹੈ, ਪਰ ਇਸਦੇ ਬਾਵਜੂਦ 2026 ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ ) ਪੁਰਾਣੀਆਂ ਡੀਜ਼ਲ ਕੀਮਤਾਂ ਦੇ ਆਧਾਰ 'ਤੇ ਤੈਅ ਕਰ ਦਿੱਤੇ ਗਏ ਹਨ, ਜੋ ਕਿਸਾਨਾਂ ਨਾਲ ਵੱਡੀ ਬੇਇਨਸਾਫ਼ੀ ਹੈ। ਉਨ੍ਹਾਂ ਨੇ ਕਿਹਾ ਕਿ ਕਮਿਸ਼ਨ ਫਾਰ ਐਗਰੀਕਲਚਰ ਕਾਸਟ ਐਂਡ ਪ੍ਰਾਈਸਿਜ਼ (ਸੀ ਏ ਸੀ ਪੀ) ਵੱਲੋਂ ਫਸਲਾਂ ਦੇ ਭਾਅ ਨਿਰਧਾਰਤ ਕਰਦੇ ਸਮੇਂ ਖੇਤੀ ਨਾਲ ਜੁੜੇ ਸਾਰੇ ਖਰਚਿਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਟਰੈਕਟਰਾਂ, ਟਿਊਬਵੈੱਲਾਂ ਅਤੇ ਹੋਰ ਖੇਤੀ ਮਸ਼ੀਨਰੀ ਨੂੰ ਚਲਾਉਣ ਲਈ ਡੀਜ਼ਲ ਦੀ ਵੱਡੇ ਮਾਤਰਾ ਵਿੱਚ 'ਲੋੜ ਪੈਂਦੀ ਹੈ ਅਤੇ ਡੀਜ਼ਲ ਦੇ ਵਧੇ ਹੋਏ ਰੇਟਾਂ ਨੇ ਕਿਸਾਨਾਂ ਦੀ ਆਮਦਨ ਅਤੇ ਆਰਥਿਕ



ਹਾਲਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇੱਕ ਪਾਸੇ ਕੇਂਦਰ ਸਰਕਾਰ ਲਗਾਤਾਰ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ, ਜਦਕਿ ਦੂਜੇ ਪਾਸੇ ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਵਾਜਬ ਮੁੱਲ ਦੇਣ ਤੋਂ ਮੁਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਵਿਦੇਸ਼ਾਂ ਦੀ ਤਰ੍ਹਾਂ ਕਿਸਾਨਾਂ ਲਈ ਸਬਸਿਡੀ ਵਾਲਾ ਡੀਜ਼ਲ ਉਪਲਬਧ ਕਰਵਾਏ ਜਾਂ ਫਿਰ ਵਧੀਆਂ ਹੋਈਆਂ ਡੀਜ਼ਲ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਘੱਟੋ ਘੱਟ ਸਮਰੱਥਨ ਮੁੱਲ ਐਮ ਐਸ ਪੀ ਦੀ ਮੁੜ ਸਮੀਖਿਆ ਕਰਕੇ ਨਵੇਂ ਭਾਅ ਤੈਅ ਕਰੇ। ਜੱਥੇਦਾਰ ਦੋਭਾਲੀ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਖੇਤੀਬਾੜੀ ਖੇਤਰ ਹੋਰ ਡੂੰਘੇ ਸੰਕਟ ਵਿੱਚ ਫਸ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹੱਕਾਂ ਅਤੇ ਖੇਤੀਬਾੜੀ ਨੂੰ ਬਚਾਉਣ ਲਈ ਹਰ ਮੰਚ 'ਤੇ ਆਪਣੀ ਆਵਾਜ਼ ਮਜ਼ਬੂਤੀ ਨਾਲ ਉਠਾਉਂਦੇ ਰਹਿਣਗੇ ।

# ਸੁਰਖ਼ਰੂ (ਕਹਾਣੀ)

ਗੁਰਮੇਲ ਘਰ ਵਿੱਚ ਇਕੱਲਾ ਕਮਾਉਣ ਵਾਲ਼ਾ ਸੀ। ਉਹ ਸ਼ਹਿਰ ਵਿੱਚ ਇੱਕ ਦੁਕਾਨ ਉੱਤੇ ਨੌਕਰੀ ਕਰਦਾ ਸੀ।ਉਸ ਨੂੰ ਤਨਖਾਹ ਵੀ ਥੋੜ੍ਹੀ ਹੀ ਮਿਲਦੀ ਸੀ। ਤਿੰਨ ਜਵਾਕਾਂ ਦੀ ਪੜ੍ਹਾਈ ਤੇ ਬਜ਼ੁਰਗ ਮਾਪਿਆਂ ਦੀ ਦਵਾਈ ਬੂਟੀ ਦਾ ਖਰਚਾ,ਦਿਨ ਤਿਉਹਾਰ ਤੇ ਦੋ ਭੈਣਾਂ ਕੋ਼ਲ ਜਾਣਾ,ਕਦੇ ਭੈਣਾਂ ਨੇ ਦੋ - ਚਾਰ ਦਿਨ ਪੇਕੇ ਮਿ਼ਲਣ ਆਉਣ ਦੇ ਬਹਾਨੇ ਰਹਿ ਜਾਣਾ, ਪ੍ਰਾਹੁਣਿਆਂ ਦੀ ਖਾਤਿਰਦਾਰੀ,ਹੋਰ ਸੌ ਖ਼ਰਚੇ ਆ ਜਾਣੇ ,ਇਸ ਤਰ੍ਹਾਂ ਉਸ ਦੀ ਤਨਖ਼ਾਹ ਅਤੇ ਚਾਰ ਕਿੱਲੇ ਜ਼ਮੀਨ ਦਾ ਠੇਕਾ ਮਿਲਾ ਕੇ ਘਰ ਦਾ ਗੁਜ਼ਾਰਾ ਤੁਰੀ ਜਾਂਦਾ ਸੀ । ਉਸ ਨੂੰ ਕਿਸੇ ਨੇ ਸਲਾਹ ਦਿੱਤੀ ਕਿ ਉਹ ਆਪਣੇ ਮਾਂ ਬਾਪ ਦੀ ਬੁਢਾਪਾ ਪੈਨਸ਼ਨ ਵੀ ਲਵਾ ਲਵੇ ਤਾਂ ਉਸ ਨੂੰ ਹੰਭਲਾ ਲੱਗ ਜਾਇਆ ਕਰੇਗਾ। ਉਸ ਦੇ ਦੋਸਤ ਦੀ ਕੁੜੀ ਬੈਂਕ ਵਿੱਚ ਲੱਗੀ ਹੋਈ ਸੀ।ਉਸ ਦੀ ਮਦਦ ਨਾਲ ਉਸ ਨੇ ਆਪਣੇ ਮਾਂ ਪਿਓ ਦੀ ਪੈਨਸ਼ਨ ਲਗਵਾਉਣ ਲਈ ਫ਼ਾਰਮ ਭਰ ਕੇ ਦੇ ਦਿੱਤੇ ਤੇ ਕੁੜੀ ਨੇ ਮਾੜਾ ਮੋਟਾ ਕਹਿ ਸੁਣ ਕੇ ਪਹਿਲ ਦੇ ਆਧਾਰ ਤੇ ਗੁਰਮੇਲ ਦਾ ਕੰਮ ਕਰਵਾ ਦਿੱਤਾ ਤੇ ਉਸ ਦੇ ਮਾਂ ਪਿਓ ਨੂੰ ਪੂਰੇ ਅੱਠ ਸੌ ਰੁਪਏ ਪੈਨਸ਼ਨ ਲੱਗ ਗਈ। ਪਹਿਲਾਂ ਪਹਿਲ ਤਾਂ ਗੁਰਮੇਲ ਦੇ ਮਾਂ ਪਿਓ ਦੀ ਸਿਹਤ ਠੀਕ ਸੀ , ਇਸ ਕਰਕੇ ਪੈਨਸ਼ਨ ਲੈਣ ਦੋਵੇਂ ਸਾਇਕਲ ਤੇ ਚਲੇ ਜਾਂਦੇ। ਅੱਠ ਸੌ ਰੁਪਏ ਨਾਲ ਉਸ ਦੇ ਮਾਂ ਪਿਓ ਦੀ ਦਵਾਈ ਬੂਟੀ ਦਾ ਖਰਚਾ ਨਿਕ਼ਲ ਜਾਂਦਾ। ਫੇਰ ਬਾਪੂ ਦੀ ਨਿਗ੍ਹਾ ਘਟਣੀ ਸ਼ੁਰੂ ਹੋ ਗਈ ਸੀ ਤੇ ਡਾਕਟਰ ਦੇ ਚੈੱਕ ਕਰਵਾਉਣ ਤੇ ਪਤਾ ਲੱਗਿਆ ਕਿ ਉਸ ਦੇ ਮੋਤੀਆ ਉਤਰ ਆਇਆ ਸੀ। ਗੁਰਮੇਲ ਦੀ ਬੀਬੀ ਵੀ ਗੋਡਿਆਂ ਦੇ ਦੁਖਣ ਕਰਕੇ ਤੁਰਨ ਫਿਰਨ ਵਿੱਚ ਪਹਿਲਾਂ ਵਾਂਗ ਤਕੜੀ ਨਹੀਂ ਰਹੀ ਸੀ। ਹੁਣ ਜਿਸ ਦਿਨ ਪੈਨਸ਼ਨ ਲੈਣ ਜਾਣਾ ਹੁੰਦਾ ਤਾਂ ਗੁਰਮੇਲ ਨੂੰ ਛੁੱਟੀ ਕਰਨੀ ਪੈਂਦੀ। ਬੈਂਕ ਵਾਲਿਆਂ ਨੇ ਬੁਢਾਪਾ ਪੈਨਸ਼ਨ ਵਾਲਿਆਂ ਦਾ ਇੱਕ ਦਿਨ ਨਿਸ਼ਚਿਤ ਕੀਤਾ ਹੋਇਆ ਸੀ। ਉਸ ਦਿਨ ਗੁਰਮੇਲ ਨੇ ਪਹਿਲਾਂ ਪਿਓ ਨੂੰ ਸਕੂਟਰ ਤੇ ਬਿਠਾ ਕੇ ਬੈਂਕ ਛੱਡ ਆਉਣਾ ਤੇ ਫਿਰ ਬੀਬੀ ਨੂੰ ਲੈ ਕੇ ਜਾਣਾ। ਗੁਰਮੇਲ ਨੇ ਹੱਸਦਿਆਂ ਘਰੇ ਗੱਲ ਕਰਨੀ," ਜਦ ਮੈਂ ਬੈਂਕ ਬੀਬੀ ਤੇ ਭਾਪਾ ਜੀ ਨੂੰ ਲੈ ਕੇ ਜਾਂਦਾਂ...... ਮੈਨੂੰ ਤਾਂ ਆਏਂ ਲੱਗਦਾ ਜਿਵੇਂ ਮੈਂ ਕਿਸੇ ਦੇ ਮਰਨੇ ਤੇ ਗਿਆ ਹੋਵਾਂ....... ਸਾਰੇ ਪਾਸੇ ਚਿੱਟੀਆਂ ਚੁੰਨੀਆਂ ਵਾ਼ਲੀਆਂ ਬੁੱਢੀਆਂ ਤੇ ਚਿੱਟੇ ਕੁੜਤੇ ਪਜਾਮੇ ਵਿੱਚ ਬੁੱਢੇ ਬੈਂਕ ਮੂਹਰੇ ਬੈਠੇ....... ਆਏਂ ਲੱਗਦੇ ਨੇ ਜਿਵੇਂ ਮਕਾਣ ਆਈ ਹੋਵੇ।" ਸਾਰਿਆਂ ਨੇ ਉਸ ਦੀ ਗੱਲ ਸੁਣ ਕੇ ਹੱਸ ਪੈਣਾ। ਜਿਸ ਦਿਨ ਗੁਰਮੇਲ ਦੇ ਮਾਂ ਪਿਓ ਨੂੰ ਪੈਨਸ਼ਨ ਮਿਲਣੀ ਹੁੰਦੀ ਸੀ,ਉਸ ਦਾ ਉਹ ਸਾਰਾ ਦਿਨ ਫੁੱਟ ਜਾਂਦਾ ਸੀ, ਨਾ਼ਲੇ ਸਾਰਾ ਦਿਨ ਬੁੱਢੇ ਬੀਮਾਰ ਮਾਪਿਆਂ ਦੀ ਖੱਜਲ ਖੁਆਰੀ ਹੁੰਦੀ ਸੀ। ਕਈ ਵਾਰ ਤਾਂ ਸਾਰਾ ਦਿਨ ਬੈਠ ਕੇ ਵੀ ਵਾਰੀ ਨਾ ਆਉਣੀ ਤਾਂ ਬੈਂਕ ਵਾਲਿਆਂ ਨੇ ਸ਼ਾਮ ਨੂੰ ਬਾਹਰ ਤਾਲਾ ਲਮਕਾ ਕੇ ਆਖ ਦੇਣਾ ਕਿ ਜਿਹੜੇ ਬਚ ਗਏ ਅਗਲੇ ਵੀਰਵਾਰ ਆਇਓ।ਇਸ ਤਰ੍ਹਾਂ ਅੱਠ ਸੌ ਰੁਪਏ ਪੈਨਸ਼ਨ ਲੈਣ ਖਾਤਰ ਗੁਰਮੇਲ ਨੂੰ ਆਪਣੀ ਪੰਜ ਪੰਜ ਸੌ ਦੀਆਂ ਦੋ ਦਿਹਾੜੀਆਂ ਦੇ ਪੈਸੇ ਕਟਵਾਉਣੇ ਪੈਂਦੇ। ਹੁਣ ਤਾਂ ਉਸ ਦੀਆਂ ਦੋ ਧੀਆਂ ਵੀ ਵਿਆਹੀਆਂ ਗਈਆਂ ਸਨ। ਘਰ ਦਾ ਖਰਚਾ ਵੀ ਵਧੀਆ ਚੱਲੀ ਜਾਂਦਾ ਸੀ। ਇੱਕ ਦਿਨ ਉਸ ਨੇ ਅੱਕੇ ਹੋਏ ਨੇ ਉਸ ਬੈਂਕ ਵਾ਼ਲੀ ਕੁੜੀ ਕੋ਼ਲ ਜਾ ਕੇ ਆਖਿਆ, "ਭਾਈ ਬੀਬਾ......ਜਿਹੜੀ ਤੂੰ ਸਾਡੇ ਬੀਬੀ ਤੇ ਭਾਪਾ ਜੀ ਨੂੰ ਪੈਨਸ਼ਨ ਲਵਾਈ ਸੀ ...... ਉਹ ਕੱਟ ਦੇ..... ਅਸੀਂ ਨੀ ਹੁਣ ਲੈਣੀ।" ਪਰ ਬੈਂਕ ਵਾ਼ਲੀ ਕੁੜੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ," ਅੰਕਲ ਜੀ,ਜੇ ਚਾਰ ਪੈਸੇ ਘਰ ਆਉਂਦੇ ਹਨ ਤਾਂ ਲਾਹੇ ਦੇ ਹੀ ਹਨ.....ਇਸ ਤਰ੍ਹਾਂ ਮੈਂ ਕਿਵੇਂ ਕਟਵਾ ਦੇਵਾਂ ਓਹਨਾ ਦੀ ਪੈਨਸ਼ਨ?...... ਉਸ ਲਈ ਤਾਂ ਤੁਹਾਨੂੰ ਮੈਨੇਜਰ ਨੂੰ ਲਿਖ ਕੇ ਦੇਣਾ ਪਵੇਗਾ। " ਗੁਰਮੇਲ ਨੇ ਕੁੜੀ ਨੂੰ ਆਪਣੀ ਮਜ਼ਬੂਰੀ ਦੱਸਦੇ ਹੋਏ ਉਸ ਤੋਂ ਹੀ ਅਰਜ਼ੀ ਲਿਖਵਾ ਕੇ ਮੈਨੇਜਰ ਨੂੰ ਦੇ ਦਿੱਤੀ ਤੇ ਕੁੜੀ ਨੇ ਆਪਣੇ ਪਿਤਾ ਦਾ ਦੋਸਤ ਹੋਣ ਦੇ ਨਾਤੇ ਗੁਰਮੇਲ ਦਾ ਪਹਿਲ ਦੇ ਅਧਾਰ ਤੇ ਕੰਮ ਕਰਵਾ ਦਿੱਤਾ। ਹੁਣ ਗੁਰਮੇਲ ਇਸ ਪੈਨਸ਼ਨ ਵਾਲੇ ਝਮੇਲੇ ਤੋਂ ਸੁਰਖ਼ਰੂ ਹੋ ਕੇ ਬਹੁਤ ਖੁਸ਼ ਸੀ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਕੀ ਵਿਦਿਆਰਥੀਆਂ ਦੀ ਮਿਹਨਤ ਹੁਣ ਮਜ਼ਾਕ ਬਣ ਗਈ ਹੈ?

ਭਾਰਤ ਦੇ ਇਤਿਹਾਸ ਵਿੱਚ ਜਦੋਂ ਵੀ ਸਿੱਖਿਆ ਪ੍ਰਣਾਲੀ ਦੀ ਗੱਲ ਹੋਵੇਗੀ, ਸਾਲ 2024-26 ਦੇ "ਨਿਟ ਪੇਪਰ ਵਿਵਾਦ" ਨੂੰ ਇੱਕ ਕਾਲੇ ਅਧਿਆਇ ਵਜੋਂ ਯਾਦ ਕੀਤਾ ਜਾਵੇਗਾ। ਉਹ ਨੀਟ ਪ੍ਰੀਖਿਆ, ਜਿਸ ਨੂੰ ਦੇਸ਼ ਦੇ ਸਭ ਤੋਂ ਇਮਾਨਦਾਰ ਅਤੇ ਪ੍ਰਤੀਯੋਗੀ ਇਮਤਿਹਾਨਾਂ ਵਿੱਚ ਗਿਣਿਆ ਜਾਂਦਾ ਸੀ, ਅੱਜ ਸ਼ੱਕਾਂ, ਘਪਲਿਆਂ, ਲੀਕਾਂ ਅਤੇ ਸਿਆਸੀ ਬਹਿਸਾਂ ਦੇ ਵਿਚਕਾਰ ਖੜ੍ਹੀ ਹੈ। ਸਵਾਲ ਕੇਵਲ ਇੱਕ ਪੇਪਰ ਦਾ ਨਹੀਂ, ਸਵਾਲ ਉਹਨਾਂ ਬਾਈ ਲੱਖ ਤੋਂ ਵੱਧ ਵਿਦਿਆਰਥੀਆਂ ਦੇ ਭਵਿੱਖ ਦਾ ਹੈ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਡਾਕਟਰ ਬਣਨ ਦੇ ਸੁਪਨੇ ਦੇਖੇ ਸਨ।ਕਿਸੇ ਨੇ ਖੇਤਾਂ ਵਿੱਚ ਮਿਹਨਤ ਕਰਦੇ ਪਿਤਾ ਦੇ ਹੱਥਾਂ ਦੀਆਂ ਲਕੀਰਾਂ ਵੇਖ ਕੇ ਕਿਤਾਬਾਂ ਚੁੱਕੀਆਂ, ਕਿਸੇ ਮਾਂ ਨੇ ਆਪਣੇ ਗਹਿਣੇ ਵੇਚ ਕੇ ਕੋਚਿੰਗ ਦੀ ਫੀਸ ਭਰੀ, ਕਿਸੇ ਨੇ ਛੋਟੇ ਜਿਹੇ ਕਮਰੇ ਵਿੱਚ ਬੈਠ ਕੇ ਲੱਖਾਂ ਸਵਾਲ ਹੱਲ ਕੀਤੇ। ਪਰ ਜਦੋਂ ਨਤੀਜੇ ਆਏ ਤਾਂ ਦੇਸ਼ ਹੈਰਾਨ ਰਹਿ ਗਿਆ। ਇੱਕੋ ਕੇਂਦਰ ਤੋਂ ਦਰਜਨਾਂ ਟੌਪਰ, ਅਸਧਾਰਣ ਅੰਕ, ਗ੍ਰੇਸ ਮਾਰਕਾਂ ਦੀ ਬਾਰਿਸ਼ ਅਤੇ ਪੇਪਰ ਲੀਕ ਦੇ ਦੋਸ਼ ਇਹ ਸਭ ਕੁਝ ਉਸ ਪ੍ਰਣਾਲੀ ਦੇ ਮੂੰਹ 'ਤੇ ਚਪੇੜ ਸੀ ਜੋ ਆਪਣੇ ਆਪ ਨੂੰ "ਪਾਰਦਰਸ਼ੀ" ਕਹਿੰਦੀ ਸੀ।ਵਿਦਿਆਰਥੀਆਂ ਦਾ ਗੁੱਸਾ ਇਸ ਲਈ ਵੀ ਜਾਇਜ਼ ਹੈ ਕਿਉਂਕਿ ਨੀਟ ਸਿਰਫ਼ ਇੱਕ ਪਰੀਖਿਆ ਨਹੀਂ, ਇਹ ਉਹ ਦਰਵਾਜ਼ਾ ਹੈ ਜਿਸ ਤੋਂ ਲੰਘ ਕੇ ਇੱਕ ਗਰੀਬ ਘਰ ਦਾ ਬੱਚਾ ਡਾਕਟਰ ਬਣ ਸਕਦਾ ਹੈ। ਪਰ ਜਦੋਂ ਉਸ ਦਰਵਾਜ਼ੇ ਦੀ ਚਾਬੀ ਹੀ ਪੈਸੇ, ਸਿਫ਼ਾਰਸ਼ਾਂ ਅਤੇ ਮਾਫੀਆ ਦੇ ਹੱਥ ਚਲੀ ਜਾਵੇ ਤਾਂ ਫਿਰ ਮਿਹਨਤ ਕਰਨ ਵਾਲਾ ਵਿਦਿਆਰਥੀ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦਾ ਹੈ।

ਇਹ ਕੋਈ ਪਹਿਲੀ ਵਾਰ ਨਹੀਂ ਕਿ ਭਾਰਤ ਦੀਆਂ ਭਰਤੀ ਜਾਂ ਪ੍ਰਤੀਯੋਗੀ ਪ੍ਰੀਖਿਆਵਾਂ ਸਵਾਲਾਂ ਦੇ ਘੇਰੇ ਵਿੱਚ ਆਈਆਂ ਹੋਣ। ਕਦੇ ਪਟਵਾਰੀ ਭਰਤੀ, ਕਦੇ ਪੁਲਿਸ ਭਰਤੀ, ਕਦੇ ਅਧਿਆਪਕ ਭਰਤੀ ਅਤੇ ਹੁਣ ਦੇਸ਼ ਦੀ ਸਭ ਤੋਂ ਵੱਡੀ ਮੈਡੀਕਲ ਦਾਖਲਾ ਪ੍ਰੀਖਿਆ। ਇਹ ਇੱਕ ਅਜਿਹੀ ਬਿਮਾਰੀ ਬਣ ਚੁੱਕੀ ਹੈ ਜਿਸ ਨੇ ਪ੍ਰਣਾਲੀ ਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਹਰ ਵਾਰ ਜਾਂਚ ਦੇ ਭਰੋਸੇ ਦਿੱਤੇ ਜਾਂਦੇ ਹਨ, ਵੱਡੇ-ਵੱਡੇ ਬਿਆਨ ਆਉਂਦੇ ਹਨ, ਪਰ ਆਖ਼ਰ ਵਿੱਚ ਵਿਦਿਆਰਥੀ ਹੀ ਨਿਰਾਸ਼ ਰਹਿ ਜਾਂਦਾ ਹੈ।ਬਾਈ ਲੱਖ ਤੋਂ ਵੱਧ ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਦਿੱਤੀ। ਇਹ ਗਿਣਤੀ ਕਈ ਦੇਸ਼ਾਂ ਦੀ ਕੁੱਲ ਆਬਾਦੀ ਤੋਂ ਵੀ ਵੱਧ ਹੈ। ਇਹ ਉਹ ਨੌਜਵਾਨ ਹਨ ਜੋ ਆਪਣੇ ਘਰਾਂ ਦੀ ਉਮੀਦ ਹਨ। ਕੋਈ ਦੋ ਸਾਲ ਤੋਂ ਕੋਚਿੰਗ ਕਰ ਰਿਹਾ ਸੀ, ਕੋਈ ਪੰਜ ਸਾਲਾਂ ਤੋਂ ਡਰੌਪ ਲੈ ਕੇ ਤਿਆਰੀ ਕਰ ਰਿਹਾ ਸੀ। ਕਈ ਵਿਦਿਆਰਥੀਆਂ ਨੇ ਮਾਨਸਿਕ ਤਣਾਅ, ਡਿਪ੍ਰੈਸ਼ਨ ਅਤੇ ਸਮਾਜਕ ਦਬਾਅ ਨੂੰ ਸਹਿੰਦੇ ਹੋਏ ਆਪਣੀ ਪੜ੍ਹਾਈ ਜਾਰੀ ਰੱਖੀ। ਪਰ ਜਦੋਂ ਉਹਨਾਂ ਨੂੰ ਲੱਗੇ ਕਿ ਇਮਤਿਹਾਨ ਤੋਂ ਪਹਿਲਾਂ ਹੀ ਕੁਝ ਲੋਕ ਪੇਪਰ ਖਰੀਦ ਚੁੱਕੇ ਸਨ, ਤਾਂ ਇਹ ਸਿਰਫ਼ ਇੱਕ ਘਪਲਾ ਨਹੀਂ ਰਹਿੰਦਾ ਇਹ ਉਹਨਾਂ ਦੀਆਂ ਉਮੀਦਾਂ ਦਾ ਕਤਲ ਬਣ ਜਾਂਦਾ ਹੈ।

**ਅੱਜ ਦੇਸ਼ ਦਾ ਹਰ ਵਿਦਿਆਰਥੀ ਇੱਕੋ ਸਵਾਲ ਪੁੱਛ ਰਿਹਾ ਹੈ**

"ਜੇ ਮਿਹਨਤ ਨਾਲ ਕੁਝ ਨਹੀਂ ਮਿਲਣਾ, ਤਾਂ ਫਿਰ ਅਸੀਂ ਕਿਤਾਬਾਂ ਕਿਉਂ ਖੋਲ੍ਹੀਏ?"ਇਹ ਸਵਾਲ ਬਹੁਤ ਖਤਰਨਾਕ ਹੈ। ਜਦੋਂ ਨੌਜਵਾਨਾਂ ਦਾ ਵਿਸ਼ਵਾਸ ਟੁੱਟਦਾ ਹੈ ਤਾਂ ਦੇਸ਼ ਦੀ ਰੀੜ੍ਹ ਦੀ ਹੱਡੀ ਕਮਜ਼ੋਰ ਹੋ ਜਾਂਦੀ ਹੈ। ਸਿੱਖਿਆ ਕਿਸੇ ਵੀ ਰਾਸ਼ਟਰ ਦੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ, ਪਰ ਜੇ ਉਸੇ ਸਿੱਖਿਆ ਵਿੱਚ ਭ੍ਰਿਸ਼ਟਾਚਾਰ ਘੁੱਸ ਜਾਵੇ ਤਾਂ ਫਿਰ ਦੇਸ਼ ਤਰੱਕੀ ਨਹੀਂ ਕਰਦਾ, ਡਿੱਗਣਾ ਸ਼ੁਰੂ ਕਰਦਾ ਹੈ।ਇਸ ਮਾਮਲੇ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਉਹਨਾਂ ਸੰਸਥਾਵਾਂ ਦੀ ਹੈ ਜੋ ਪ੍ਰੀਖਿਆ ਕਰਵਾਉਂਦੀਆਂ ਹਨ। ਇੱਕ ਪਾਸੇ ਵਿਦਿਆਰਥੀਆਂ ਨੂੰ ਮਿੰਟ ਦੀ ਦੇਰੀ 'ਤੇ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ, ਦੂਜੇ ਪਾਸੇ ਪੇਪਰ ਲੀਕ ਕਰਨ ਵਾਲੇ ਗਿਰੋਹ ਸਾਲਾਂ ਤੋਂ ਸਿਸਟਮ ਨੂੰ ਚੁਨੌਤੀ ਦੇ ਰਹੇ ਹਨ। ਕੀ ਇਹ ਸਿਰਫ਼ ਲਾਪਰਵਾਹੀ ਹੈ? ਜਾਂ ਫਿਰ ਇਸ ਦੇ ਪਿੱਛੇ ਕੋਈ ਵੱਡਾ ਗਠਜੋੜ ਕੰਮ ਕਰ ਰਿਹਾ ਹੈ?

ਅਸਲ ਦਰਦ ਤਾਂ ਉਹਨਾਂ ਮਾਪਿਆਂ ਦਾ ਹੈ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਕਮਾਈ ਬੱਚਿਆਂ ਦੀ ਪੜ੍ਹਾਈ 'ਤੇ ਲਗਾ ਦਿੱਤੀ। ਇੱਕ ਮਜ਼ਦੂਰ ਪਿਤਾ ਜਦੋਂ ਆਪਣੇ ਪੁੱਤਰ ਨੂੰ ਕੋਚਿੰਗ ਲਈ ਸ਼ਹਿਰ ਭੇਜਦਾ ਹੈ ਤਾਂ ਉਹ ਆਪਣੇ ਸੁਪਨੇ ਵੀ ਨਾਲ ਭੇਜਦਾ ਹੈ। ਪਰ ਜਦੋਂ ਉਹੀ ਪੁੱਤਰ ਨਤੀਜੇ ਦੇਖ ਕੇ ਟੁੱਟ ਜਾਂਦਾ ਹੈ ਤਾਂ ਘਰਾਂ ਦੇ ਚੂਲ੍ਹੇ ਵੀ ਸੁੰਨੇ ਹੋ ਜਾਂਦੇ ਹਨ।ਇਹ ਮਾਮਲਾ ਸਿਰਫ਼ ਦੁਬਾਰਾ ਪੇਪਰ ਕਰਵਾਉਣ ਜਾਂ ਜਾਂਚ ਕਮੇਟੀ ਬਣਾਉਣ ਨਾਲ ਖਤਮ ਨਹੀਂ ਹੋਵੇਗਾ। ਲੋੜ ਹੈ ਇੱਕ ਐਸੀ ਕੜੀ ਨੀਤੀ ਦੀ ਜੋ ਸਿੱਖਿਆ ਮਾਫੀਆ ਦੀ ਜੜ੍ਹ ਹੀ ਕੱਟ ਦੇਵੇ। ਪੇਪਰ ਲੀਕ ਕਰਨ ਵਾਲਿਆਂ ਲਈ ਸਿਰਫ਼ ਗ੍ਰਿਫ਼ਤਾਰੀ ਨਹੀਂ, ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ। ਜਦ ਤੱਕ ਦੋਸ਼ੀਆਂ ਨੂੰ ਉਦਾਹਰਨ ਨਹੀਂ ਬਣਾਇਆ ਜਾਵੇਗਾ, ਤਦ ਤੱਕ ਹਰ ਸਾਲ ਕਿਸੇ ਨਾ ਕਿਸੇ ਇਮਤਿਹਾਨ ਦਾ ਭਵਿੱਖ ਇਉਂ ਹੀ ਦਾਅ 'ਤੇ ਲੱਗਦਾ ਰਹੇਗਾ।ਅੱਜ ਦੇਸ਼ ਦਾ ਵਿਦਿਆਰਥੀ ਸੜਕਾਂ 'ਤੇ ਹੈ। ਕੋਈ ਇਨਸਾਫ਼ ਮੰਗ ਰਿਹਾ ਹੈ, ਕੋਈ ਦੁਬਾਰਾ ਪ੍ਰੀਖਿਆ ਦੀ ਮੰਗ ਕਰ ਰਿਹਾ ਹੈ, ਕੋਈ ਸਿਸਟਮ 'ਤੇ ਸਵਾਲ ਉਠਾ ਰਿਹਾ ਹੈ। ਪਰ ਅਸਲ ਵਿੱਚ ਇਹ ਸਾਰੇ ਨੌਜਵਾਨ ਆਪਣੇ ਭਵਿੱਖ ਲਈ ਲੜ ਰਹੇ ਹਨ। ਇਹ ਲੜਾਈ ਸਿਰਫ਼ ਨੀਟ ਦੀ ਨਹੀਂ, ਇਹ ਉਸ ਭਾਰਤ ਦੀ ਲੜਾਈ ਹੈ ਜਿੱਥੇ ਮਿਹਨਤ ਨੂੰ ਸਨਮਾਨ ਮਿਲੇ, ਨਾ ਕਿ ਪੈਸੇ ਅਤੇ ਪਹੁੰਚ ਨੂੰ।ਜੇ ਅੱਜ ਵੀ ਦੇਸ਼ ਦੀਆਂ ਸਰਕਾਰਾਂ ਅਤੇ ਸੰਸਥਾਵਾਂ ਨਹੀਂ ਜਾਗੀਆਂ ਤਾਂ ਕੱਲ੍ਹ ਦਾ ਨੌਜਵਾਨ ਕਿਤਾਬਾਂ ਤੋਂ ਵਿਸ਼ਵਾਸ ਖੋ ਬੈਠੇਗਾ। ਅਤੇ ਜਿਸ ਦਿਨ ਨੌਜਵਾਨਾਂ ਦਾ ਵਿਸ਼ਵਾਸ ਮਰ ਗਿਆ, ਉਸ ਦਿਨ ਕਿਸੇ ਵੀ ਦੇਸ਼ ਦੀ ਤਰੱਕੀ ਦੇ ਦਰਵਾਜ਼ੇ ਆਪਣੇ ਆਪ ਬੰਦ ਹੋ ਜਾਣਗੇ।ਨੀਟ ਵਿਵਾਦ ਨੇ ਇੱਕ ਗੱਲ ਸਾਫ਼ ਕਰ ਦਿੱਤੀ ਹੈ ਭਾਰਤ ਦਾ ਵਿਦਿਆਰਥੀ ਕਮਜ਼ੋਰ ਨਹੀਂ, ਪਰ ਪ੍ਰਣਾਲੀ ਬਿਮਾਰ ਹੈ।ਅਤੇ ਜੇ ਇਸ ਬਿਮਾਰੀ ਦਾ ਇਲਾਜ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ।

**ਮੰਜੂ ਰਾਇਕਾ**
**ਸੰਗਰੂਰ।**
**ਮੋ:-7626053712**

# ਪੰਜਾਬ ਭਾਜਪਾ ਨੂੰ ਮਿਲਿਆ ਨਵਾਂ ਚਿਹਰਾ ਕੇਵਲ ਸਿੰਘ ਢਿੱਲੋਂ ਦੇ ਹੱਥੀਂ ਮਾਲਵੇ ਵਿੱਚ ਸਿਆਸੀ ਮੈਦਾਨ ਸਜਾਉਣ ਦੀ ਤਿਆਰੀ

**● ਭਾਰਤੀ ਜਨਤਾ ਪਾਰਟੀ ਨੇ ਬਰਨਾਲਾ ਦੇ ਸਾਬਕਾ ਵਿਧਾਇਕ, ਉਦਯੋਗਪਤੀ ਅਤੇ ਪ੍ਰਭਾਵਸ਼ਾਲੀ ਜੱਟ ਸਿੱਖ ਚਿਹਰੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕਰ ਦਿੱਤਾ● ਭਾਜਪਾ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਉਹ ਪੰਜਾਬ ਵਿੱਚ ਨਵੀਂ ਰਣਨੀਤੀ ਨਾਲ ਮੈਦਾਨ ਵਿੱਚ ਉਤਰ ਰਹੀ ਹੈ।● ਕੇਵਲ ਸਿੰਘ ਢਿੱਲੋਂ ਦੀ ਸਭ ਤੋਂ ਵੱਡੀ ਖਾਸੀਅਤ ਇਹ ਮੰਨੀ ਜਾਂਦੀ ਹੈ ਕਿ ਉਹ ਹਮੇਸ਼ਾਂ ਵਿਕਾਸ ਦੇ ਮੁੱਦਿਆਂ 'ਤੇ ਗੱਲ ਕਰਦੇ ਹਨ।● ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਦੇ ਸਭ ਤੋਂ ਅਮੀਰ ਨੇਤਾਵਾਂ ਵਿੱਚ ਗਿਣਿਆ ਜਾਂਦਾ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਟੱਲੇਵਾਲ ਵਿੱਚ ਇੱਕ ਆਮ ਕਿਸਾਨ ਪਰਿਵਾਰ ਵਿੱਚ ਜਨਮੇ ਕੇਵਲ ਸਿੰਘ ਢਿੱਲੋਂ ਨੇ ਮਿਹਨਤ ਅਤੇ ਵਪਾਰਕ ਸਮਝਦਾਰੀ ਨਾਲ ਆਪਣਾ ਵੱਡਾ ਕਾਰੋਬਾਰੀ ਸਾਮਰਾਜ ਖੜ੍ਹਾ ਕੀਤਾ।● 2006 ਵਿੱਚ ਕਾਂਗਰਸ ਪਾਰਟੀ ਨਾਲ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ। ਉਸ ਸਮੇਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਅਤੇ ਕੇਵਲ ਢਿੱਲੋਂ ਨੇ ਬਰਨਾਲਾ ਨੂੰ ਜ਼ਿਲ੍ਹਾ ਬਣਵਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ।**

**ਚੰਡੀਗੜ੍ਹ /ਬਰਨਾਲਾ**
**ਗੁਰਬਿੰਦਰ ਗੁਰੀ**

ਪੰਜਾਬ ਦੀ ਸਿਆਸਤ ਵਿੱਚ ਅੱਜ ਇੱਕ ਵੱਡਾ ਮੋੜ ਉਸ ਵੇਲੇ ਆਇਆ ਜਦੋਂ ਭਾਰਤੀ ਜਨਤਾ ਪਾਰਟੀ ਨੇ ਬਰਨਾਲਾ ਦੇ ਸਾਬਕਾ ਵਿਧਾਇਕ, ਉਦਯੋਗਪਤੀ ਅਤੇ ਪ੍ਰਭਾਵਸ਼ਾਲੀ ਜੱਟ ਸਿੱਖ ਚਿਹਰੇ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕਰ ਦਿੱਤਾ। ਇਸ ਫੈਸਲੇ ਨੂੰ ਸਿਰਫ਼ ਇੱਕ ਸਧਾਰਣ ਨਿਯੁਕਤੀ ਨਹੀਂ, ਸਗੋਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਵੱਡੀ ਰਣਨੀਤਿਕ ਚਾਲ ਵਜੋਂ ਦੇਖਿਆ ਜਾ ਰਿਹਾ ਹੈ।

ਮਾਲਵਾ ਖਿੱਤੇ ਦੀ ਧਰਤੀ ਤੋਂ ਉੱਠ ਕੇ ਸਿਆਸਤ ਅਤੇ ਵਪਾਰ ਦੀ ਦੁਨੀਆ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਕੇਵਲ ਸਿੰਘ ਢਿੱਲੋਂ ਨੇ ਆਪਣੇ ਲੰਮੇ ਸਿਆਸੀ ਸਫ਼ਰ ਦੌਰਾਨ ਕਈ ਉਤਾਰ-ਚੜ੍ਹਾਅ ਵੇਖੇ, ਪਰ ਉਹ ਕਦੇ ਵੀ ਰਾਜਨੀਤਿਕ ਮੈਦਾਨ ਤੋਂ ਪਿੱਛੇ ਨਹੀਂ ਹਟੇ। ਹੁਣ ਭਾਜਪਾ ਵੱਲੋਂ ਉਨ੍ਹਾਂ ਨੂੰ ਸੂਬੇ ਦੀ ਕਮਾਨ ਦੇਣ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

**ਕਿਸਾਨੀ ਪਰਿਵਾਰ ਤੋਂ ਸਿਆਸਤ ਦੇ ਸਿਖਰ ਤੱਕ ਦਾ ਸਫ਼ਰ**

ਬਰਨਾਲਾ ਜ਼ਿਲ੍ਹੇ ਦੇ ਪਿੰਡ ਟੱਲੇਵਾਲ ਵਿੱਚ ਇੱਕ ਆਮ ਕਿਸਾਨ ਪਰਿਵਾਰ ਵਿੱਚ ਜਨਮੇ ਕੇਵਲ ਸਿੰਘ ਢਿੱਲੋਂ ਨੇ ਮਿਹਨਤ ਅਤੇ ਵਪਾਰਕ ਸਮਝਦਾਰੀ ਨਾਲ ਆਪਣਾ ਵੱਡਾ ਕਾਰੋਬਾਰੀ ਸਾਮ-ਰਾਜ ਖੜ੍ਹਾ ਕੀਤਾ। ਪੈਪਸੀਕੋ ਵਰਗੀਆਂ ਵੱਡੀਆਂ ਕੰਪਨੀਆਂ ਨਾਲ ਜੁੜੇ ਵਪਾਰਕ ਕਾਰਜਾਂ ਨੇ ਉਨ੍ਹਾਂ ਨੂੰ ਪੰਜਾਬ ਦੇ ਪ੍ਰਸਿੱਧ ਉਦਯੋਗਪਤੀਆਂ ਵਿੱਚ ਸ਼ਾਮਲ ਕਰ ਦਿੱਤਾ।

ਵਪਾਰਕ ਸਫਲਤਾ ਤੋਂ ਬਾਅਦ ਉਹ ਲੋਕ ਸੇਵਾ ਵੱਲ ਆਏ ਅਤੇ 2006 ਵਿੱਚ ਕਾਂਗਰਸ ਪਾਰਟੀ ਨਾਲ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ। ਉਸ ਸਮੇਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਅਤੇ ਕੇਵਲ ਢਿੱਲੋਂ ਨੇ ਬਰਨਾਲਾ ਨੂੰ ਜ਼ਿਲ੍ਹਾ ਬਣਵਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਉਹ ਕੰਮ ਸੀ ਜਿਸ ਨੇ ਉਨ੍ਹਾਂ ਨੂੰ ਆਮ ਲੋਕਾਂ ਵਿੱਚ ਇੱਕ ਵਿਕਾਸਸ਼ੀਲ ਨੇਤਾ ਵਜੋਂ ਮਜ਼ਬੂਤ ਪਛਾਣ ਦਿੱਤੀ।

ਬਰਨਾਲਾ ਵਿੱਚ ਤੋੜਿਆ ਅਕਾਲੀ ਦਲ ਦਾ 33 ਸਾਲ ਪੁਰਾਣਾ ਕਿਲ੍ਹਾ

ਸਾਲ 2007 ਦੀ ਵਿਧਾਨ ਸਭਾ ਚੋਣ ਵਿੱਚ ਕਾਂਗਰਸ ਨੇ ਕੇਵਲ ਢਿੱਲੋਂ ਨੂੰ ਬਰਨਾਲਾ ਤੋਂ ਮੈਦਾਨ ਵਿੱਚ ਉਤਾਰਿਆ। ਉਸ ਵੇਲੇ ਬਰਨਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਸੀ। ਪਰ ਕੇਵਲ ਢਿੱਲੋਂ ਨੇ ਆਪਣੀ ਮਜ਼ਬੂਤ ਲੋਕਪ੍ਰਿਯਤਾ ਅਤੇ ਜਨ ਸੰਪਰਕ ਦੇ ਬਲਬੂਤੇ 33 ਸਾਲਾਂ ਪੁਰਾਣਾ ਅਕਾਲੀ ਕਿਲ੍ਹਾ ਢਾਹ ਦਿੱਤਾ।

ਇਸ ਜਿੱਤ ਨੇ ਉਨ੍ਹਾਂ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡੇ ਆਗੂ ਵਜੋਂ ਸਥਾਪਿਤ ਕਰ ਦਿੱਤਾ। 2007 ਤੋਂ 2017 ਤੱਕ ਉਹ ਲਗਾਤਾਰ ਬਰਨਾਲਾ ਦੀ ਸਿਆਸਤ ਦੇ ਕੇਂਦਰ ਵਿੱਚ ਰਹੇ ਅਤੇ ਲੋਕਾਂ ਦੇ ਵਿਕਾਸੀ ਮੁੱਦਿਆਂ ਨੂੰ ਉਠਾਉਂਦੇ ਰਹੇ।

ਭਾਵੇਂ ਬਾਅਦ ਵਿੱਚ ਉਹ 2017 ਦੀ ਵਿਧਾਨ ਸਭਾ ਚੋਣ ਅਤੇ 2019 ਦੀ ਸੰਗਰੂਰ ਲੋਕ ਸਭਾ ਚੋਣ ਹਾਰ ਗਏ, ਪਰ ਉਹ ਕਦੇ ਵੀ ਰਾਜਨੀਤਿਕ ਤੌਰ 'ਤੇ ਗੈਰ-ਸਰਗਰਮ ਨਹੀਂ ਹੋਏ।



2022 ਵਿੱਚ ਕਾਂਗਰਸ ਨਾਲ ਟਕਰਾਅ ਅਤੇ ਨਵੀਂ ਸਿਆਸੀ ਪਾਰੀ

2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਵੱਲੋਂ ਕੇਵਲ ਢਿੱਲੋਂ ਦੀ ਟਿਕਟ ਕੱਟ ਦਿੱਤੀ ਗਈ। ਉਨ੍ਹਾਂ ਦੀ ਥਾਂ ਮਨੀਸ਼ ਬਾਂਸਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ। ਇਹ ਫੈਸਲਾ ਢਿੱਲੋਂ ਦੇ ਸਮਰਥਕਾਂ ਲਈ ਵੱਡਾ ਝਟਕਾ ਸੀ।

ਉਸ ਸਮੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੀਨੀਅਰ ਕਾਂਗਰਸੀ ਆਗੂ ਪਵਨ ਬਾਂਸਲ ਖੁਦ ਕੇਵਲ ਢਿੱਲੋਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਤੱਕ ਗਏ, ਪਰ ਢਿੱਲੋਂ ਆਪਣੇ ਸਟੈਂਡ 'ਤੇ ਡਟੇ ਰਹੇ। ਇਸ ਮਾਮਲੇ ਤੋਂ ਬਾਅਦ ਕਾਂਗਰਸ ਨੇ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਹੇਠ ਬਾਹਰ ਕੱਢ ਦਿੱਤਾ।

ਕਾਂਗਰਸ ਤੋਂ ਵੱਖ ਹੋਣ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਸੋਚਿਆ ਕਿ ਸ਼ਾਇਦ ਕੇਵਲ ਢਿੱਲੋਂ ਦੀ ਸਿਆਸੀ ਪਾਰੀ ਮੁੱਕ ਚੁੱਕੀ ਹੈ, ਪਰ ਉਨ੍ਹਾਂ ਨੇ ਇਸਨੂੰ ਆਪਣੀ ਨਵੀਂ ਸ਼ੁਰੂਆਤ ਬਣਾਇਆ। 2022 ਵਿੱਚ ਉਹ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਪਾਰਟੀ ਨੇ ਉਨ੍ਹਾਂ ਨੂੰ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਉਮੀਦਵਾਰ ਬਣਾਇਆ।

ਭਾਵੇਂ ਉਹ ਚੋਣ ਨਹੀਂ ਜਿੱਤ ਸਕੇ, ਪਰ ਮਾਲਵਾ ਖੇਤਰ ਵਿੱਚ ਭਾਜਪਾ ਲਈ ਮਜ਼ਬੂਤ ਜੱਟ ਸਿੱਖ ਆਧਾਰ ਤਿਆਰ ਕਰਨ ਵਿੱਚ ਕਾਮਯਾਬ ਰਹੇ।

ਮਾਲਵੇ ਵਿੱਚ ਭਾਜਪਾ ਦੀ ਨਵੀਂ ਰਣਨੀਤੀ

ਪੰਜਾਬ ਦੀ ਸਿਆਸਤ ਵਿੱਚ ਮਾਲਵਾ ਖਿੱਤਾ ਸਭ ਤੋਂ ਵੱਡਾ ਅਤੇ ਸਭ ਤੋਂ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਕਿਸਾਨੀ ਅੰਦੋਲਨ, ਜੱਟ ਸਿੱਖ ਵੋਟਰ ਅਤੇ ਪਿੰਡਾਂ ਦੀ ਰਾਜਨੀਤੀ ਇੱਥੇ ਚੋਣ ਨਤੀਜਿਆਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਦੀ ਹੈ।

ਭਾਜਪਾ ਨੂੰ ਲੰਮੇ ਸਮੇਂ ਤੋਂ ਪੰਜਾਬ ਵਿੱਚ ਇੱਕ ਮਜ਼ਬੂਤ ਸਿੱਖ ਚਿਹਰੇ ਦੀ ਲੋੜ ਸੀ ਜੋ ਮਾਲਵੇ ਵਿੱਚ ਪਾਰਟੀ ਨੂੰ ਸਵੀਕਾਰਯੋਗ ਬਣਾ ਸਕੇ। ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਨੂੰ ਇਸੇ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। 2024 ਦੀ ਬਰਨਾਲਾ ਜ਼ਿਮਨੀ ਚੋਣ ਵਿੱਚ ਭਾਜਪਾ ਦਾ ਵੋਟ ਪ੍ਰਤੀਸ਼ਤ ਵਧਣਾ ਵੀ ਇਸ ਗੱਲ ਦਾ ਸੰਕੇਤ ਸੀ ਕਿ ਕੇਵਲ ਢਿੱਲੋਂ ਦੀ ਮਾਲਵੇ ਵਿੱਚ ਨਿੱਜੀ ਪਕੜ ਅਜੇ ਵੀ ਮਜ਼ਬੂਤ ਹੈ। ਇੱਥੋਂ ਤੱਕ ਕਿ ਕਈ ਪਿੰਡਾਂ ਵਿੱਚ ਭਾਜਪਾ ਨੂੰ ਲੀਡ ਮਿਲੀ, ਜੋ ਪਹਿਲਾਂ ਕਦੇ ਸੋਚਿਆ ਵੀ ਨਹੀਂ ਜਾਂਦਾ ਸੀ।

ਵਿਕਾਸ ਦੀ ਰਾਜਨੀਤੀ ਕਰਨ ਵਾਲਾ ਨੇਤਾ

ਕੇਵਲ ਸਿੰਘ ਢਿੱਲੋਂ ਦੀ ਸਭ ਤੋਂ ਵੱਡੀ ਖਾਸੀਅਤ ਇਹ ਮੰਨੀ ਜਾਂਦੀ ਹੈ ਕਿ ਉਹ ਹਮੇਸ਼ਾਂ ਵਿਕਾਸ ਦੇ ਮੁੱਦਿਆਂ 'ਤੇ ਗੱਲ ਕਰਦੇ ਹਨ। ਬਰਨਾਲਾ ਨੂੰ ਜ਼ਿਲ੍ਹਾ ਬਣਾਉਣ ਤੋਂ ਲੈ ਕੇ ਸੜਕਾਂ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ।

ਉਨ੍ਹਾਂ ਦੇ ਸਿਆਸੀ ਕਰੀਅਰ ਨਾਲ ਕੋਈ ਵੱਡਾ ਵਿਵਾਦ ਨਾ ਜੁੜਨਾ ਵੀ ਉਨ੍ਹਾਂ ਦੀ ਸਾਫ਼-ਸੁਥਰੀ ਛਵੀ ਨੂੰ ਮਜ਼ਬੂਤ ਕਰਦਾ ਹੈ।

ਪੰਜਾਬ ਦੇ ਅਮੀਰ ਸਿਆਸਤਦਾਨਾਂ ਵਿੱਚ ਸ਼ੁਮਾਰ

ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਦੇ ਸਭ ਤੋਂ ਅਮੀਰ ਨੇਤਾਵਾਂ ਵਿੱਚ ਗਿਣਿਆ ਜਾਂਦਾ ਹੈ। ਚੋਣ ਕਮਿਸ਼ਨ ਨੂੰ ਦਿੱਤੇ ਹਲਫਨਾਮਿਆਂ ਅਨੁਸਾਰ ਉਹ ਕਰੋੜਾਂ ਰੁਪਏ ਦੀ ਚੱਲ-ਅਚੱਲ ਜਾਇਦਾਦ ਦੇ ਮਾਲਕ ਹਨ। ਚੰਡੀਗੜ੍ਹ, ਦਿੱਲੀ ਅਤੇ ਗੁਰੂਗ੍ਰਾਮ ਵਿੱਚ ਉਨ੍ਹਾਂ ਦੀਆਂ ਕੀਮਤੀ ਜਾਇਦਾਦਾਂ ਹਨ।

ਉਨ੍ਹਾਂ ਕੋਲ ਮਹਿੰਗੀਆਂ ਘੜੀਆਂ, ਸੋਨਾ ਅਤੇ ਹੀਰਿਆਂ ਦੀ ਵੱਡੀ ਮਾਤਰਾ ਹੋਣ ਦੀ ਜਾਣਕਾਰੀ ਵੀ ਸਾਹਮਣੇ ਆਈ ਸੀ। ਪਰ ਇਸ ਦੇ ਬਾਵਜੂਦ ਉਹ ਆਪਣੇ ਆਪ ਨੂੰ ਆਮ ਲੋਕਾਂ ਨਾਲ ਜੁੜਿਆ ਹੋਇਆ ਨੇਤਾ ਵਜੋਂ ਪੇਸ਼ ਕਰਦੇ ਰਹੇ ਹਨ।

ਭਾਜਪਾ ਲਈ ਕਿੰਨੇ ਅਹਿਮ ਹੋਣਗੇ ਕੇਵਲ ਢਿੱਲੋਂ ?

ਪੰਜਾਬ ਵਿੱਚ ਭਾਜਪਾ ਲਈ ਸਭ ਤੋਂ ਵੱਡੀ ਚੁਣੌਤੀ ਸਿੱਖ ਵੋਟਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨੀ ਹੈ। ਖਾਸ ਕਰਕੇ ਕਿਸਾਨੀ ਅੰਦੋਲਨ ਤੋਂ ਬਾਅਦ ਪਾਰਟੀ ਨੂੰ ਪਿੰਡਾਂ ਵਿੱਚ ਵੱਡਾ ਵਿਰੋਧ ਦੇਖਣਾ ਪਿਆ ਸੀ।

ਅਜਿਹੇ ਸਮੇਂ ਵਿੱਚ ਕੇਵਲ ਸਿੰਘ ਢਿੱਲੋਂ ਵਰਗੇ ਜੱਟ ਸਿੱਖ ਅਤੇ ਕਿਸਾਨੀ ਪਿਛੋਕੜ ਵਾਲੇ ਚਿਹਰੇ ਨੂੰ ਅੱਗੇ ਲਿਆ ਕੇ ਭਾਜਪਾ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਉਹ ਪੰਜਾਬ ਵਿੱਚ ਨਵੀਂ ਰਣਨੀਤੀ ਨਾਲ ਮੈਦਾਨ ਵਿੱਚ ਉਤਰ ਰਹੀ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਕੇਵਲ ਢਿੱਲੋਂ ਭਾਜਪਾ ਨੂੰ ਮਾਲਵੇ ਦੇ ਪਿੰਡਾਂ ਵਿੱਚ ਮਜ਼ਬੂਤ ਕਰ ਸਕਣਗੇ ਜਾਂ ਨਹੀਂ। ਪਰ ਇਹ ਗੱਲ ਤੈਅ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਅਤੇ ਨਵੇਂ ਸਮੀਕਰਨਾਂ ਦੀ ਸ਼ੁਰੂਆਤ ਹੋ ਚੁੱਕੀ ਹੈ।

# ਪੰਜਾਬ 'ਚ ਜਾਗੀਰਦਾਰ ਦੀ ਬਜਾਏ ਮਿਹਨਤਕਸ਼ ਵਰਗ ਦਾ ਆਗੂ ਕਿਵੇਂ ਬਣੇਗਾ ਮੁੱਖ ਮੰਤਰੀ?




ਪੰਜਾਬ ਦੀ ਅੰਦਰੋਂ-ਅੰਦਰੀ ਧੁੱਖਦੀ ਸਿਆਸਤ, ਹੁਣ ਨਵੇਂ ਮੋੜ ਉੱਤੇ ਖੜ੍ਹੀ ਨਜ਼ਰ ਆ ਰਹੀ ਹੈ। ਲੰਮੇ ਸਮੇਂ ਤੋਂ ਚੱਲ ਰਹੀ ਜਾਗੀਰਦਾਰ ਕੇਂਦਰਤ ਰਾਜਨੀਤੀ ਦੇ ਵਿਚਕਾਰ, ਹੁਣ ਇਹ ਸਵਾਲ ਤੇਜ਼ੀ ਨਾਲ ਉੱਠ ਰਿਹਾ ਹੈ ਕਿ ਕੀ ਪੰਜਾਬ ਵਿਚ ਕਿਸੇ ਮਿਹਨਤਕਸ਼ ਅਤੇ ਗ਼ੈਰ-ਜੱਟ ਵਰਗ ਵਿਚੋਂ ਮੁੱਖ ਮੰਤਰੀ ਦੀ ਮਜ਼ਬੂਤ ਲੀਡਰਸ਼ਿਪ ਉਭਰ ਸਕਦੀ ਹੈ?

ਇਕ ਹੋਰ ਵਰਤਾਰਾ ਦੇਖੋ ਕਿ ਭਾਰਤੀ ਜਨਤਾ ਪਾਰਟੀ ਦੀ ਰਾਜਨੀਤੀ ਪਿਛਲੇ ਕੁਝ ਸਾਲਾਂ ਵਿਚ ਸਿਰਫ਼ ਧਾਰਮਿਕ ਨਹੀਂ, ਸਗੋਂ ਸਮਾਜਿਕ ਗਣਿਤ ਉੱਤੇ ਵੀ ਜ਼ੋਰ ਦੇ ਰਹੀ ਹੈ। ਹਰਿਆਣਾ ਵਿਚ ਮਨੋਹਰ ਲਾਲ ਖੱਟਰ ਅਤੇ ਉਸ ਤੋਂ ਬਾਅਦ ਨਾਇਬ ਸਿੰਘ ਸੈਣੀ ਨੂੰ ਅੱਗੇ ਕਰਨਾ — ਇਸ ਗੱਲ ਦਾ ਸੰਕੇਤ ਮੰਨਿਆ ਜਾ ਰਿਹਾ ਐ ਕਿ ਇਹ ਪਾਰਟੀ ਹੁਣ ਰਵਾਇਤੀ ਜਾਗੀਰਦਾਰ ਸਿਆਸੀ ਢਾਂਚੇ ਤੋਂ ਬਾਹਰ ਨਵੀਂ ਸਮਾਜਿਕ ਲੀਡਰਸ਼ਿਪ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਜਦੋਂ ਭਾਰਤੀ ਜਨਤਾ ਪਾਰਟੀ ਨੇ ਹਰਿਆਣੇ ਵਿਚ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਬਣਾਇਆ ਸੀ ਤਾਂ ਓਥੋਂ ਦੇ ਅਮੀਰ ਤੇ ਗਰੀਬ ਜਾਟ ਸਿਆਸਤਦਾਨ ਹੈਰਾਨ ਨਹੀਂ ਸਗੋਂ ਦੰਗ ਰਹਿ ਗਏ ਸਨ। ਖੱਟਰ ਮਿਹਨਤਕਸ਼ ਛੋਟੇ ਵਪਾਰੀ ਭਾਈਚਾਰੇ ਤੋਂ ਆਉਂਦੇ ਨੇ, ਜਦਕਿ ਇਸ ਤੋਂ ਪਹਿਲਾਂ ਹਰਿਆਣਾ ਦੀ ਸਿਧਾਂਤਹੀਣ ਧਨਾਢ ਸਿਆਸਤ ਜ਼ਿਆਦਾਤਰ ਜਾਟ ਵਰਗ ਤੱਕ ਹੀ ਸੀਮਤ ਹੋਈ ਨਜ਼ਰੀਂ ਪੈਂਦੀ ਸੀ।

ਫੇਰ ਜਦੋਂ ਮਨੋਹਰ ਲਾਲ ਖੱਟਰ ਤੋਂ ਅਸਤੀਫਾ ਲੈ ਕੇ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਤਾਂ ਉਦੋਂ ਵੀ ਘਾਗ ਜਾਟ ਸਿਆਸਤਦਾਨ ਅਤੇ ਉਲਾਰ ਬਿਰਤੀ ਦੇ ਅਖੌਤੀ ਸਿਆਸੀ ਮਾਹਿਰ ਖ਼ੁਦ ਨੂੰ ਕੱਖੋਂ-ਹੌਲੇ ਮਹਿਸੂਸ ਕਰਦੇ ਦੇਖੇ ਗਏ। ਹੁਣ ਜਦੋਂ ਵੀ ਹਰਿਆਣੇ ਦਾ ਸਿਆਸੀ ਮਾਹੌਲ ਦੇਖਣ ਨੂੰ ਮਿਲਦਾ ਹੈ ਤਾਂ ਤਬਦੀਲੀ ਸਾਫ਼ ਨਜ਼ਰ ਆਉਂਦੀ ਹੈ। ਤਿੰਨ “ਲਾਲ” ਪਰਿਵਾਰਾਂ ਤੱਕ ਸੀਮਿਤ ਰਹੀ ਸਿਆਸਤ ਹੁਣ “ਸਰਬ ਵਰਗ ਕੇਂਦਰਤ” ਹੋਈ ਪਈ ਹੈ ਅਤੇ ਉਹ ਰਵਾਇਤੀ ਅੱਤ ਧਨਾਢ ਜਾਟ ਪਰਿਵਾਰ ਵੀ ਨਵੀਂ ਸਿਆਸੀ ਜ਼ਮੀਨ ਭਾਲਦੇ ਨਜ਼ਰ ਆ ਰਹੇ ਹਨ। ਕਹਿਣ ਦਾ ਮਕਸਦ ਇਹ ਕਿ ਹੁਣ ਹਰਿਆਣਾ ਦੀ ਸਿਆਸਤ ਸਿਰਫ਼ ਜਾਗੀਰਦਾਰ ਕੇਂਦਰਤ ਨਹੀਂ ਰਹੀ।

ਪੰਜਾਬ ਦੀ ਸਿਆਸਤ ਵਿਚ ਵੀ ਜ਼ਮੀਨਾਂ ਦੇ ਮਾਲਕਾਂ ਦਾ ਇਤਿਹਾਸਕ ਤੌਰ ਉੱਤੇ ਅਸਰ ਰਿਹਾ ਹੈ। ਖੇਤੀਬਾੜੀ, ਪਿੰਡਾਂ ਦੀ ਅਗਵਾਈ, ਪੰਥਕ ਸਿਆਸਤ ਅਤੇ ਅਕਾਲੀ ਪਰੰਪਰਾ — ਇਨ੍ਹਾਂ ਸਭ ਨੇ ਛੋਟੇ ਜ਼ਿਮੀਦਾਰ ਤਬਕੇ ਦੀ ਲੀਡਰਸ਼ਿਪ ਨੂੰ ਮਜ਼ਬੂਤ ਕੀਤਾ। ਇਸ ਕਰ ਕੇ ਅੱਜ ਵੀ ਬਹੁਤ ਲੋਕ ਮੰਨਦੇ ਹਨ ਕਿ ਪੰਜਾਬ ਵਿਚ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਕਿਸੇ ਗ਼ੈਰ-ਜਾਗੀਰਦਾਰ ਜਾਂ ਮਿਹਨਤਕਸ਼ ਵਰਗ ਦੇ ਅਕਲਮੰਦ ਸਿਆਸਤਦਾਨ ਲਈ ਆਸਾਨ ਪੰਧ ਨਹੀਂ।

ਹਾਲਾਂਕਿ ਪੰਜਾਬ ਦੀ ਸਿਆਸਤ ਵਿਚ ਸਮਾਜਿਕ ਸਮੀਕਰਨ ਬਦਲਣ ਦੀ ਕੋਸ਼ਿਸ਼ ਪਹਿਲਾਂ ਵੀ ਹੋ ਚੁੱਕੀ ਹੈ। ਕਾਂਗਰਸ ਨੇ ਆਪਣੀ ਸਰਕਾਰ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਦਲ ਕੇ, ਦਲਿਤ ਵਰਗ ਵਿੱਚੋਂ ਆਉਂਦੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਸੀ। ਇਹ ਪੰਜਾਬ ਦੀ ਸਿਆਸਤ ਵਿਚ ਵੱਡਾ ਅਤੇ ਪ੍ਰਤੀਕਾਤਮਕ ਫੈਸਲਾ ਮੰਨਿਆ ਗਿਆ ਸੀ। ਇਸ ਕਦਮ ਨੇ ਇਹ ਸੰਕੇਤ ਦਿੱਤਾ ਸੀ ਕਿ ਪੰਜਾਬ ਵਿਚ ਰਵਾਇਤੀ ਜਾਗੀਰਦਾਰ ਤਬਕੇ ਤੋਂ ਇਲਾਵਾ ਹੋਰ ਸਮਾਜਿਕ ਵਰਗਾਂ ਨੂੰ ਵੀ ਉੱਚੀ ਸਿਆਸੀ ਅਗਵਾਈ ਦੇ ਕੇਂਦਰ ਵਿਚ ਲਿਆਂਦਾ ਜਾ ਸਕਦਾ ਹੈ।

ਦਰਅਸਲ, ਪੰਜਾਬ ਦਾ ਸਮਾਜ ਕਾਫੀ ਹੱਦ ਤੱਕ ਬਦਲ ਚੁੱਕਾ ਹੈ। ਪੰਜਾਬ ਦੇ ਅਕਾਦਮਿਕ ਤੇ ਮੀਡੀਆ ਖੇਤਰ ਦੀ ਗੱਲ ਕਰਨੀ ਬਣਦੀ ਏ, ਸੂਬੇ ਦੀਆਂ ਰੋਜ਼ਾਨਾ ਅਖਬਾਰਾਂ ਇਸ ਵਰਤਾਰੇ ਦੀ ਵੱਡੀ ਮਿਸਾਲ ਹਨ। ਪਾਠਕਾਂ ਵਿਚ ਪ੍ਰਵਾਨ ਬਹੁਤੀਆਂ ਮਸ਼ਹੂਰ ਅਖਬਾਰਾਂ ਦੇ ਮਾਲਕ ਅਤੇ ਮੁੱਖ ਸੰਪਾਦਕ ਗ਼ੈਰ-ਜਾਗੀਰਦਾਰ, ਗ਼ੈਰ-ਜੱਟ ਵਰਗਾਂ ਨਾਲ ਸਬੰਧਤ ਹਨ। ਇਵੇਂ ਹੀ ਪੰਜਾਬ ਦੇ ਬਹੁਤੇ ਵਿਦਵਾਨ, ਕਵੀ, ਲਿਖਾਰੀ ਅਤੇ ਬੁੱਧੀਜੀਵੀ ਵੀ ਵੱਡੀ ਗਿਣਤੀ ਵਿਚ ਗ਼ੈਰ-ਜਾਗੀਰਦਾਰ ਘਰਾਂ ਤੋਂ ਆਉਂਦੇ ਹਨ।

ਸਿਰਫ਼ ਇਹੀ ਨਹੀਂ, ਸੂਬੇ ਦੇ ਜ਼ਿਆਦਾਤਰ ਨਿੱਜੀ ਯੂਨੀਵਰਸਿਟੀ ਮਾਲਕ, ਕੋਚਿੰਗ ਹਾਊਸ ਸੰਚਾਲਕ ਵੀ ਗ਼ੈਰ-ਜ਼ਿਮੀਦਾਰ ਨੇ...ਹੁਣ ਤਾਂ ਬਹੁਤੇ ਵਿਧਾਇਕ, ਮੰਤਰੀ ਅਤੇ ਸਿਆਸੀ ਕਾਰਕੁਨ ਵੀ ਗ਼ੈਰ-ਜਾਗੀਰਦਾਰ ਵਰਗਾਂ ਨਾਲ ਸਬੰਧਤ ਹਨ। ਇਸ ਸੂਰਤੇਹਾਲ ਵਿਚ ਸਵਾਲ ਇਹ ਉੱਠਦਾ ਹੈ ਕਿ ਜਦੋਂ ਸਮਾਜ ਦੇ ਤਕਰੀਬਨ ਹਰ ਖੇਤਰ ਵਿਚ ਨਵੀਆਂ ਸਮਾਜਿਕ ਤੇ ਦਿਮਾਗੀ ਤਾਕਤਾਂ ਆਪਣੀ ਜਗ੍ਹਾ ਬਣਾ ਚੁੱਕੀਆਂ ਹਨ, ਤਾਂ ਫਿਰ ਮੁੱਖ ਮੰਤਰੀ ਦੀ ਕੁਰਸੀ ਹੀ ਰਵਾਇਤੀ ਜਾਗੀਰਦਾਰ ਲੀਡਰਸ਼ਿਪ ਤੱਕ ਸੀਮਤ ਕਿਉਂ ਰਹੇ? ਇਹ ਖੜ੍ਹੋਤ ਆਖਰ ਤਾਂ ਭੱਜਣੀ ਈ ਪੈਣੀ ਆ। ਇਕ ਹੋਰ ਹਕੀਕਤ ਵੀ ਹੈ। ਪੰਜਾਬ ਦੀ ਆਬਾਦੀ ਵਿਚ ਵੱਡਾ ਹਿੱਸਾ ਦਲਿਤ, ਹੋਰ ਪੱਛੜੇ ਵਰਗ ਅਤੇ ਗ਼ੈਰ-ਜ਼ਿਮੀਦਾਰ ਵਰਗਾਂ ਦਾ ਹੈ। ਇਨ੍ਹਾਂ ਵਿਚੋਂ ਕਈ ਵਰਗ, ਲੰਮੇ ਸਮੇਂ ਤੋਂ ਮਹਿਸੂਸ ਕਰਦੇ ਰਹੇ ਨੇ ਕਿ ਸਿਆਸੀ ਜਥੇਬੰਦੀਆਂ ਵਿਚ ਉਨ੍ਹਾਂ ਦੀ ਗਿਣਤੀ ਤਾਂ ਹੈ ਪਰ 'ਅਸਲ ਰਾਜ-ਸੱਤਾ' ਵਿਚ ਹਿੱਸੇਦਾਰੀ ਘੱਟ ਹੈ। ਹੁਣ ਵੱਖ-ਵੱਖ ਪਾਰਟੀਆਂ ਇਨ੍ਹਾਂ ਹੀ ਵਰਗਾਂ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਜੇ ਕੋਈ ਵੀ ਪਾਰਟੀ ਪੰਜਾਬ ਵਿਚ ਮਜ਼ਬੂਤ ਸੰਗਠਨ ਖੜ੍ਹਾ ਕਰਕੇ, ਸ਼ਹਿਰੀ ਅਤੇ ਪੇਂਡੂ ਗ਼ੈਰ-ਜੱਟ ਵੋਟ ਨੂੰ ਇਕੱਠਾ ਕਰ ਲੈਂਦੀ ਹੈ ਅਤੇ ਕਿਸੇ ਨਵੇਂ ਮਿਹਨਤਕਸ਼ ਚਿਹਰੇ ਨੂੰ ਲੋਕਪ੍ਰਿਅ ਬਣਾਉਣ ਵਿਚ ਕਾਮਯਾਬ ਹੋ ਜਾਂਦੀ ਐ ਤਾਂ ਭਵਿੱਖ ਵਿਚ ਪੰਜਾਬ ਦੀ ਸਿਆਸਤ ਵਿਚ ਵੱਡਾ ਬਦਲਾਅ ਸੰਭਵ ਹੋ ਸਕਦਾ ਆ।

ਹਾਲਾਂਕਿ ਇਸ ਰਾਹ ਵਿਚ ਕਈ ਚੁਣੌਤੀਆਂ ਵੀ ਨੇ। ਪੰਜਾਬ ਦੀ ਵਰਗ ਸੰਵੇਦਨਾ, ਰਵਾਇਤੀ ਸਿਆਸੀ ਢਾਂਚਾ ਅਤੇ ਪਿੰਡਾਂ ਵਿਚ ਪੁਰਾਣੇ ਅਖੌਤੀ ਰਸੂਖਦਾਰ ਵਰਗਾਂ ਦੀ ਪਕੜ — ਇਹ ਸਭ ਅਜੇ ਵੀ ਨਵੀਂ ਸਮਾਜਿਕ ਲੀਡਰਸ਼ਿਪ ਲਈ ਵੱਡੀਆਂ ਰੁਕਾਵਟਾਂ ਨੇ।

ਇਸ ਲਈ ਹੁਣ ਅਸਲ ਸਵਾਲ ਇਹ ਨਹੀਂ ਕਿ ਪੰਜਾਬ ਵਿਚ ਗ਼ੈਰ-ਜ਼ਿਮੀਦਾਰ ਮੁੱਖ ਮੰਤਰੀ ਬਣ ਸਕਦਾ ਏ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕਿਹੜੀ ਪਾਰਟੀ ਪੰਜਾਬ ਵਿਚ ਜਾਗੀਰਦਾਰ ਰਾਜਨੀਤੀ ਦੀ ਬਜਾਏ ਮਿਹਨਤਕਸ਼ ਵਰਗ ਦੀ ਲੀਡਰਸ਼ਿਪ ਨੂੰ ਅੱਗੇ ਲਿਆਉਣ ਦਾ ਰਾਜਨੀਤਿਕ ਜੋਖਮ ਲਵੇਗੀ।

---

ਹੁਣ ਕੀ ਕਰੀਏ?

ਸਾਨੂੰ ਇਹ ਗੱਲ ਭੁੱਲ ਜਾਣੀ ਚਾਹੀਦੀ ਏ ਕਿ ਡੀਪ ਸਟੇਟ ਦੀ ਹਰ ਸਿਆਸੀ ਖਾਹਿਸ਼ ਪੰਜਾਬ ਵਿਚ ਪੂਰੀ ਹੁੰਦੀ ਰਹਿਣੀ ਕੋਈ ਰੱਬੀ-ਨਿਯਮ ਏ। ਪੰਜਾਬ ਦੀ 'ਡੀਪ ਸਟੇਟ' ਭਾਵ 'ਪਰਤ ਦਰ ਪਰਤ ਲੁਕਿਆ ਹੋਇਆ ਰਾਜ ਪ੍ਰਬੰਧ' ਹੋਰ ਕੋਈ ਨਹੀਂ, ਬਲਕਿ ਇਥੋਂ ਦੇ ਸਦੀਆਂ ਤੋਂ ਧੱਕਾ ਕਰਦੇ ਜਾਬਰ ਵਰਗ ਨੇ। ਓਸੇ ਮਾਨਸਿਕਤਾ ਦੇ ਵਿਚਾਰ-ਫੁਟਾਰੇ ਨੂੰ ਦਿੱਲੀ ਬੈਠੀ ਹਰ ਰਾਜਸੀ ਪਾਰਟੀ ਦਾ ਉੱਚ ਅਹੁਦੇਦਾਰ ਸਮਝਦਾ ਏ ਤੇ ਫੇਰ ਲਾਗੂ ਕਰਦਾ ਏ। ਜਦੋਂ ਹਰ ਸੁਚੇਤ ਵਿਅਕਤੀ ਹੋਰ ਸੁਚੇਤ ਹੋਵੇਗਾ ਤੇ ਇਹ ਸੁਪਨਾ ਲੈਣਾ ਸ਼ੁਰੂ ਕਰ ਦਵੇਗਾ ਕਿ ਉਹ ਵੀ ਰਾਜਭਾਗ ਉੱਤੇ ਕਾਬਜ਼ ਹੋ ਸਕਦਾ ਏ ਤਾਂ ਅੰਦਰੋਂ ਨਵੀਂ ਸ਼ਖ਼ਸੀਅਤ ਉਸਰੇਗੀ... ਜਿਹੜੀ ਕਿ ਨਵੇਂ ਭਵਿੱਖ ਦੀ ਸਿਰਜਕ ਹੋ ਨਿਬੜੇਗੀ, ਬਾਕੀ ਫੇਰ ਕਦੇ।



**ਯਾਦਵਿੰਦਰ ਵਾਹਦ, ਸੰਪਰਕ**
6284336773

# ਬੁੱਧ ਬਾਣ

## ਸਮਾਜ, ਪੁਲਿਸ ਤੇ ਸਰਕਾਰ : ਆਪਸੀ ਸਬੰਧਾਂ ਦੀ ਹਕੀਕਤ

ਮਨੁੱਖੀ ਜ਼ਿੰਦਗੀ ਵਿੱਚ ਸਮਾਜ ਸਭ ਤੋਂ ਪਹਿਲਾਂ ਆਉਂਦਾ ਹੈ। ਸਮਾਜ ਨੂੰ ਚਲਾਉਣ ਅਤੇ ਉਸ ਵਿੱਚ ਅਮਨ-ਸ਼ਾਂਤੀ ਕਾਇਮ ਰੱਖਣ ਲਈ ਕਾਇਦੇ-ਕਾਨੂੰਨ ਬਣਾਏ ਗਏ, ਜੋ ਅੱਗੇ ਚੱਲ ਕੇ ਸੰਸਥਾਵਾਂ ਦੇ ਰੂਪ ਵਿੱਚ ਵਿਕਸਤ ਹੋਏ। ਪੁਲਿਸ ਵੀ ਇਨ੍ਹਾਂ ਸੰਸਥਾਵਾਂ ਵਿੱਚੋਂ ਇੱਕ ਹੈ। ਇਸ ਲਈ ਪੁਲਿਸ ਤੇ ਲੋਕਾਂ ਦਾ ਰਿਸ਼ਤਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਸਮਾਜਿਕ ਅਤੇ ਨੈਤਿਕ ਵੀ ਹੈ।

ਪੁਲਿਸ ਲੋਕਾਂ ਵਿੱਚੋਂ ਹੀ ਬਣਦੀ ਹੈ, ਇਸ ਕਰਕੇ ਉਹ ਸਮਾਜ ਤੋਂ ਵੱਖਰੀ ਕੋਈ ਤਾਕਤ ਨਹੀਂ ਹੋਣੀ ਚਾਹੀਦੀ। ਲੋਕ ਟੈਕਸ ਦਿੰਦੇ ਹਨ, ਸਰਕਾਰ ਚੁਣਦੇ ਹਨ ਅਤੇ ਉਸੇ ਪ੍ਰਣਾਲੀ ਰਾਹੀਂ ਪੁਲਿਸ ਨੂੰ ਅਧਿਕਾਰ ਮਿਲਦੇ ਹਨ। ਇਸ ਅਰਥ ਵਿੱਚ ਪੁਲਿਸ ਲੋਕਾਂ ਦੀ ਨੌਕਰ ਹੈ, ਹਾਕਮ ਨਹੀਂ।

ਪਰ ਹਕੀਕਤ ਕਈ ਵਾਰ ਇਸ ਦੇ ਉਲਟ ਦਿਖਾਈ ਦਿੰਦੀ ਹੈ। ਲੋਕ ਪੁਲਿਸ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਵਾਲੀ ਸੰਸਥਾ ਦੀ ਥਾਂ ਡਰ ਅਤੇ ਦਬਾਅ ਦੀ ਤਾਕਤ ਵਜੋਂ ਦੇਖਣ ਲੱਗ ਪੈਂਦੇ ਹਨ। ਇਸ ਦੇ ਪਿੱਛੇ ਇਤਿਹਾਸਕ ਅਤੇ ਪ੍ਰਬੰਧਕੀ ਕਾਰਨ ਵੀ ਹਨ। ਭਾਰਤ ਵਿੱਚ ਪੁਲਿਸ ਦਾ ਢਾਂਚਾ ਅੰਗਰੇਜ਼ੀ ਰਾਜ ਤੋਂ ਆਇਆ, ਜਿੱਥੇ ਪੁਲਿਸ ਦਾ ਮੁੱਖ ਕੰਮ ਲੋਕਾਂ ਦੀ ਸੇਵਾ ਨਾਲੋਂ ਵੱਧ ਰਾਜ ਦੀ ਹਿਫ਼ਾਜ਼ਤ ਕਰਨਾ ਸੀ। ਆਜ਼ਾਦੀ ਤੋਂ ਬਾਅਦ ਸਰਕਾਰਾਂ ਤਾਂ ਬਦਲ ਗਈਆਂ, ਪਰ ਪੁਲਿਸ ਦੀ ਕਾਰਗੁਜ਼ਾਰੀ ਅਤੇ ਸੋਚ ਵਿੱਚ ਪੂਰੀ ਲੋਕਤੰਤਰਿਕ ਤਬਦੀਲੀ ਨਹੀਂ ਆ ਸਕੀ।

ਇਸ ਕਰਕੇ ਅੱਜ ਤਿੰਨ ਤਰ੍ਹਾਂ ਦੇ ਰਿਸ਼ਤੇ ਇਕੱਠੇ ਦਿਖਾਈ ਦਿੰਦੇ ਹਨ—

ਆਦਰ ਦਾ ਰਿਸ਼ਤਾ, ਜਿੱਥੇ ਪੁਲਿਸ ਇਮਾਨਦਾਰੀ ਨਾਲ ਲੋਕਾਂ ਦੀ ਮਦਦ ਕਰਦੀ ਹੈ।

ਡਰ ਦਾ ਰਿਸ਼ਤਾ, ਜਿੱਥੇ ਲੋਕ ਪੁਲਿਸ ਤੋਂ ਇਨਸਾਫ਼ ਨਹੀਂ, ਸਗੋਂ ਤੰਗ-ਪਰੇਸ਼ਾਨੀ ਦਾ ਖ਼ਤਰਾ ਮਹਿਸੂਸ ਕਰਦੇ ਹਨ।

ਸੱਤਾ ਦਾ ਰਿਸ਼ਤਾ, ਜਿੱਥੇ ਪੁਲਿਸ ਕਾਨੂੰਨ ਨਾਲੋਂ ਵੱਧ ਹਾਕਮ ਧਿਰ ਦੇ ਪ੍ਰਭਾਵ ਹੇਠ ਦਿਖਾਈ ਦਿੰਦੀ ਹੈ।

ਜਦੋਂ ਪੁਲਿਸ ਨਿਰਪੱਖ ਰਹਿੰਦੀ ਹੈ ਤਾਂ ਲੋਕ ਉਸਨੂੰ “ਰੱਖਿਆਕਰਤਾ” ਮੰਨਦੇ ਹਨ। ਪਰ ਜਦੋਂ ਉਹ ਸਿਆਸੀ ਦਬਾਅ, ਧਨ-ਬਲ ਜਾਂ ਪ੍ਰਭਾਵਸ਼ਾਲੀ ਲੋਕਾਂ ਅੱਗੇ ਝੁਕਦੀ ਦਿਖੇ, ਤਾਂ ਆਮ ਲੋਕਾਂ ਦਾ ਭਰੋਸਾ ਟੁੱਟ ਜਾਂਦਾ ਹੈ ਅਤੇ ਰਿਸ਼ਤਾ ਟਕਰਾਅ ਵਿੱਚ ਬਦਲ ਜਾਂਦਾ ਹੈ।

ਇਸ ਲਈ ਪੁਲਿਸ ਤੇ ਲੋਕਾਂ ਦਾ ਅਸਲ ਰਿਸ਼ਤਾ ਭਰੋਸੇ, ਜਵਾਬਦੇਹੀ ਅਤੇ ਨਿਆਂ ਉੱਤੇ ਟਿਕਿਆ ਹੋਣਾ ਚਾਹੀਦਾ ਹੈ। ਜੇ ਇਹ ਤਿੰਨ ਚੀਜ਼ਾਂ ਕਮਜ਼ੋਰ ਹੋ ਜਾਣ ਤਾਂ ਪੁਲਿਸ ਅਤੇ ਜਨਤਾ ਵਿਚਕਾਰ ਦੂਰੀ ਵੱਧਦੀ ਜਾਂਦੀ ਹੈ ਅਤੇ ਸਮਾਜ ਵਿੱਚ ਅਸੁਰੱਖਿਆ ਅਤੇ ਗੁੱਸਾ ਪੈਦਾ ਹੁੰਦਾ ਹੈ।

ਸਮਾਜ, ਪੁਲਿਸ ਅਤੇ ਸਰਕਾਰ ਤਿੰਨੇ ਇੱਕ-ਦੂਜੇ ਨਾਲ ਡੂੰਘੇ ਤੌਰ ‘ਤੇ ਜੁੜੇ ਹੋਏ ਹਨ। ਇਨ੍ਹਾਂ ਦੇ ਸਬੰਧਾਂ ਨੂੰ ਸਮਝਣ ਲਈ ਇਹ ਵੇਖਣਾ ਪੈਂਦਾ ਹੈ ਕਿ ਤਾਕਤ ਕਿਸ ਕੋਲ ਹੈ, ਜ਼ਿੰਮੇਵਾਰੀ ਕਿਸਦੀ ਹੈ ਅਤੇ ਜਵਾਬਦੇਹੀ ਕਿਸਦੇ ਅੱਗੇ ਹੈ।

ਸਮਾਜ : ਅਸਲ ਤਾਕਤ

ਸਮਾਜ ਲੋਕਾਂ ਦਾ ਸਮੂਹ ਹੈ। ਲੋਕ ਹੀ ਵੋਟ ਪਾਉਂਦੇ ਹਨ, ਟੈਕਸ ਦਿੰਦੇ ਹਨ, ਮਿਹਨਤ ਕਰਦੇ ਹਨ ਅਤੇ ਦੇਸ਼ ਚਲਾਉਂਦੇ ਹਨ। ਲੋਕਤੰਤਰ ਵਿੱਚ ਅਸਲ ਤਾਕਤ ਲੋਕਾਂ ਕੋਲ ਮੰਨੀ ਜਾਂਦੀ ਹੈ। ਸਰਕਾਰ ਅਤੇ ਪੁਲਿਸ ਦੋਵੇਂ ਸਮਾਜ ਦੀ ਸੇਵਾ ਲਈ ਬਣੇ ਢਾਂਚੇ ਹਨ। ਜੇ ਸਮਾਜ ਨਾ ਹੋਵੇ ਤਾਂ ਨਾ ਸਰਕਾਰ ਦੀ ਲੋੜ ਰਹਿੰਦੀ ਹੈ ਅਤੇ ਨਾ ਪੁਲਿਸ ਦੀ।

ਸਰਕਾਰ : ਪ੍ਰਬੰਧ ਚਲਾਉਣ ਵਾਲੀ ਤਾਕਤ

ਸਰਕਾਰ ਲੋਕਾਂ ਵੱਲੋਂ ਚੁਣੀ ਜਾਂਦੀ ਹੈ। ਇਸ ਦਾ ਕੰਮ ਕਾਨੂੰਨ ਬਣਾਉਣਾ, ਪ੍ਰਬੰਧ ਚਲਾਉਣਾ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੁੰਦਾ ਹੈ। ਸਰਕਾਰ ਆਪਣੇ ਫ਼ੈਸਲੇ ਲਾਗੂ ਕਰਨ ਲਈ ਪ੍ਰਸ਼ਾਸਨ, ਅਦਾਲਤਾਂ ਅਤੇ ਪੁਲਿਸ ਵਰਗੀਆਂ ਸੰਸਥਾਵਾਂ ਦੀ ਵਰਤੋਂ ਕਰਦੀ ਹੈ। ਅਸਲ ਵਿੱਚ



ਪੁਲਿਸ ਸਰਕਾਰ ਦੇ ਅਧੀਨ ਕੰਮ ਕਰਦੀ ਹੈ।

ਪਰ ਜਦੋਂ ਸਰਕਾਰ ਲੋਕਾਂ ਦੇ ਹਿੱਤਾਂ ਤੋਂ ਦੂਰ ਹੋ ਜਾਂਦੀ ਹੈ ਤਾਂ ਲੋਕਾਂ ਵਿੱਚ ਗੁੱਸਾ, ਨਿਰਾਸ਼ਾ ਅਤੇ ਬੇਇਤਬਾਰੀ ਪੈਦਾ ਹੁੰਦੀ ਹੈ।

ਪੁਲਿਸ : ਕਾਨੂੰਨ ਲਾਗੂ ਕਰਨ ਵਾਲੀ ਸੰਸਥਾ

ਪੁਲਿਸ ਦਾ ਮੁੱਖ ਕੰਮ ਕਾਨੂੰਨ-ਵਿਵਸਥਾ ਬਣਾਈ ਰੱਖਣਾ, ਲੋਕਾਂ ਦੀ ਸੁਰੱਖਿਆ ਕਰਨੀ ਅਤੇ ਅਪਰਾਧ ਰੋਕਣਾ ਹੁੰਦਾ ਹੈ। ਸਿਧਾਂਤਕ ਤੌਰ ‘ਤੇ ਪੁਲਿਸ ਲੋਕਾਂ ਦੀ ਰੱਖਿਆ ਲਈ ਹੈ, ਪਰ ਅਮਲ ਵਿੱਚ ਉਹ ਸਰਕਾਰੀ ਹੁਕਮਾਂ ਅਤੇ ਸਿਆਸੀ ਦਬਾਅ ਹੇਠ ਵੀ ਕੰਮ ਕਰਦੀ ਹੈ। ਇਥੇ ਹੀ ਟਕਰਾਅ ਪੈਦਾ ਹੁੰਦਾ ਹੈ।

ਜਦੋਂ ਹਕੀਕਤ ਸਾਹਮਣੇ ਆਉਂਦੀ ਹੈ ਤਾਂ ਸਮਾਜ, ਸਰਕਾਰ ਅਤੇ ਪੁਲਿਸ ਵਿਚਕਾਰ ਟਕਰਾਅ ਵਧਦਾ ਹੈ। ਇਸ ਟਕਰਾਅ ਵਿੱਚ ਦੋਵੇਂ ਪਾਸਿਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਤਣਾਅ ਵਧਦਾ ਜਾਂਦਾ ਹੈ।

ਸਰਕਾਰ ਤੇ ਪੁਲਿਸ ਦਾ ਰਿਸ਼ਤਾ

ਸਰਕਾਰ ਪੁਲਿਸ ਨੂੰ ਨਿਯੰਤਰਿਤ ਕਰਦੀ ਹੈ। ਪੁਲਿਸ ਦੀ ਤਾਇਨਾਤੀ, ਤਬਾਦਲੇ, ਅਧਿਕਾਰ ਅਤੇ ਕਾਰਵਾਈਆਂ ‘ਤੇ ਸਰਕਾਰ ਦਾ ਪ੍ਰਭਾਵ ਹੁੰਦਾ ਹੈ। ਜੇ ਸਰਕਾਰ ਨਿਰਪੱਖ ਹੋਵੇ ਤਾਂ ਪੁਲਿਸ ਕਾਨੂੰਨ ਦੀ ਰੱਖਿਆ ਕਰਦੀ ਹੈ; ਜੇ ਸਰਕਾਰ ਪੱਖਪਾਤੀ ਹੋਵੇ ਤਾਂ ਪੁਲਿਸ ਨੂੰ ਸਿਆਸੀ ਹਥਿਆਰ ਵਾਂਗ ਵਰਤਿਆ ਜਾਂਦਾ ਹੈ।

ਪੁਲਿਸ ਤੇ ਸਮਾਜ ਦਾ ਰਿਸ਼ਤਾ

ਪੁਲਿਸ ਅਤੇ ਲੋਕਾਂ ਵਿਚਕਾਰ ਭਰੋਸਾ ਸਭ ਤੋਂ ਮਹੱਤਵਪੂਰਨ ਹੈ। ਜਿੱਥੇ ਪੁਲਿਸ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਉਂਦੀ ਹੈ, ਉੱਥੇ ਕਾਨੂੰਨ ਮਜ਼ਬੂਤ ਹੁੰਦਾ ਹੈ। ਪਰ ਜਿੱਥੇ ਪੁਲਿਸ ਡਰ, ਧੱਕੇਸ਼ਾਹੀ ਜਾਂ ਸਿਆਸੀ ਦਬਾਅ ਦਾ ਸਾਧਨ ਬਣਦੀ ਹੈ, ਉੱਥੇ ਲੋਕ ਪੁਲਿਸ ਨੂੰ ਆਪਣੀ ਨਹੀਂ ਸਮਝਦੇ।

ਅੱਜ ਕਈ ਥਾਵਾਂ ‘ਤੇ ਇਹ ਅਹਿਸਾਸ ਮਜ਼ਬੂਤ ਹੋ ਰਿਹਾ ਹੈ ਕਿ ਪੁਲਿਸ ਪ੍ਰਸ਼ਾਸਨ ਲੋਕਾਂ ਦੀ ਹਿਫ਼ਾਜ਼ਤ ਨਾਲੋਂ ਵੱਧ ਸੱਤਾ ਦੀ ਸੇਵਾ ਵਿੱਚ ਲੱਗਿਆ ਹੋਇਆ ਹੈ। ਇਸੇ ਕਰਕੇ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਸਭ ਤੋਂ ਵੱਡਾ ਖ਼ਤਰਾ

ਜਦੋਂ—

ਸਰਕਾਰ ਆਪਣੇ ਆਪ ਨੂੰ ਲੋਕਾਂ ਤੋਂ ਉੱਪਰ ਸਮਝਣ ਲੱਗ ਪਏ,

ਪੁਲਿਸ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਲੱਗ ਪਏ,

ਅਤੇ ਸਮਾਜ ਡਰ ਜਾਂ ਲਾਲਚ ਕਰਕੇ ਚੁੱਪ ਹੋ ਜਾਵੇ,

ਤਾਂ ਲੋਕਤੰਤਰ ਕਮਜ਼ੋਰ ਹੋ ਜਾਂਦਾ ਹੈ।

ਫਿਰ ਪੁਲਿਸ ਲੋਕਾਂ ਦੀ ਰੱਖਿਆ ਕਰਨ ਦੀ ਥਾਂ ਹਾਕਮਾਂ ਦੀ ਰੱਖਿਆ ਕਰਨ ਵਾਲੀ ਤਾਕਤ ਵਾਂਗ ਦਿਖਾਈ ਦੇਣ ਲੱਗਦੀ ਹੈ।

ਆਦਰਸ਼ ਸਬੰਧ ਕਿਹੋ ਜਿਹੇ ਹੋਣ?

ਸਮਾਜ ਜਾਗਰੂਕ ਹੋਵੇ,

ਸਰਕਾਰ ਜਵਾਬਦੇਹ ਹੋਵੇ,

ਪੁਲਿਸ ਨਿਰਪੱਖ ਹੋਵੇ,

ਕਾਨੂੰਨ ਸਭ ਲਈ ਇੱਕੋ ਜਿਹਾ ਹੋਵੇ।

ਤਦ ਹੀ ਲੋਕਤੰਤਰ ਸਿਹਤਮੰਦ ਰਹਿੰਦਾ ਹੈ।

ਅਸਲ ਵਿੱਚ ਪੁਲਿਸ ਨਾ ਤਾਂ ਲੋਕਾਂ ਦੀ ਦੁਸ਼ਮਣ ਹੋਣੀ ਚਾਹੀਦੀ ਹੈ ਅਤੇ ਨਾ ਹੀ ਸਰਕਾਰ ਦੀ ਗੁਲਾਮ; ਉਸਦਾ ਅਸਲ ਫ਼ਰਜ਼ ਕਾਨੂੰਨ ਅਤੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ।

ਮੌਜੂਦਾ ਹਾਲਾਤ ਵਿੱਚ ਕਈ ਵਾਰ ਇਹ ਅਹਿਸਾਸ ਪੈਦਾ ਹੁੰਦਾ ਹੈ ਕਿ ਪੁਲਿਸ ਸੱਤਾਧਾਰੀ ਧਿਰ ਦਾ ਹਥਿਆਰ ਬਣ ਕੇ ਰਹਿ ਗਈ ਹੈ। ਇਸ ਕਾਰਨ ਲੋਕਾਂ ਦਾ ਭਰੋਸਾ ਕਮਜ਼ੋਰ ਪੈਂਦਾ ਹੈ। ਜਦੋਂ ਕਿਸੇ ਮਨੁੱਖ ਜਾਂ ਸੰਸਥਾ ਤੋਂ ਭਰੋਸਾ ਚੁੱਕ ਜਾਵੇ ਤਾਂ ਸਮਾਜ ਵਿੱਚ ਤਣਾਅ ਵਧਦਾ ਹੈ ਅਤੇ ਹਿੰਸਕ ਘਟਨਾਵਾਂ ਨੂੰ ਜਨਮ ਮਿਲਦਾ ਹੈ। ਡਰਿਆ ਹੋਇਆ ਮਨੁੱਖ ਹਮੇਸ਼ਾ ਆਪਣੇ ਬਚਾਅ ਲਈ ਨਵਾਂ ਰਸਤਾ ਲੱਭਦਾ ਹੈ।

ਸਮਾਜ, ਲੋਕ, ਪੁਲਿਸ ਅਤੇ ਸਰਕਾਰ ਇੱਕ ਪਰਿਵਾਰ ਵਾਂਗ ਹਨ। ਪਰ ਜਦੋਂ ਸੱਤਾ ਇਸ ਪਰਿਵਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਉਸਦੀ ਵਰਤੋਂ ਘੱਟ ਅਤੇ ਦੁਰਵਰਤੋਂ ਵੱਧ ਕਰਨ ਲੱਗ ਪਏ, ਤਾਂ ਇਹ ਸਮਾਜ ਲਈ ਖ਼ਤਰਨਾਕ ਅਲਾਮਤ ਬਣ ਜਾਂਦੀ ਹੈ।

########
#ਬੁੱਧਚਿੰਤਨ
#ਬੁੱਧਸਿੰਘਨੀਲੋਂ
#ਸਮਾਜ
#ਪੁਲਿਸ
#ਸਰਕਾਰ
#ਲੋਕਤੰਤਰ
#ਨਿਆਂ
#ਭਰੋਸਾ
#ਜਵਾਬਦੇਹੀ
#ਕਾਨੂੰਨ
#ਸਮਾਜਿਕਚਿੰਤਨ
#ਸਿਆਸਤ
#ਪੰਜਾਬ
#ਲੋਕਾਂਦੀਅਵਾਜ਼
#ਸੱਚਦੀਗੱਲ
#ਸਮਾਜਿਕਵਿਸ਼ਲੇਸ਼ਣ
#ਮਨੁੱਖੀਅਧਿਕਾਰ
#ਅਮਨਸ਼ਾਂਤੀ
#ਲੋਕਤੇਪੁਲਿਸ
#ਸੱਤਾਅਤੇਸਮਾਜ



— ਬੁੱਧ ਸਿੰਘ ਨੀਲੋਂ
9464370823

# ਕੈਨੇਡਾ 'ਚ ਭਾਰਤੀ ਵਿਦਿਆਰਥਣ ਦਾ ਚਾਕੂ ਮਾਰ ਕੇ ਕਤਲ, ਮ੍ਰਿਤਕਾ ਗੁਜਰਾਤ ਨਾਲ ਸੀ ਸੰਬੰਧਿਤ

ਵੈਨਕੂਵਰ, 28 ਮਈ (ਮਲਕੀਤ ਸਿੰਘ) – ਕੈਨੇਡਾ ਦੇ ਨਿਆਗਰਾ ਖੇਤਰ ਵਿੱਚ ਇੱਕ ਦਰਦਨਾਕ ਘਟਨਾ ਦੌਰਾਨ ਭਾਰਤ ਦੀ 22 ਸਾਲਾ ਵਿਦਿਆਰਥਣ ਵਿਧੀ ਮੇਘਾ ਦਾ ਚਾਕੂ ਮਾਰ ਕੇ ਕਤਲ ਕਰ ਦੇਣ ਦੀ ਦੁਖਦਾਈ ਸੂਚਨਾ ਹੈ ਪ੍ਰਾਪਤ ਜਾਣਕਾਰੀ ਅਨੁਸਾਰ ਵਿਧੀ ਮੇਘਾ ਗੁਜਰਾਤ ਦੇ ਆਨੰਦ ਜ਼ਿਲ੍ਹੇ ਦੇ ਬੋਰਸਦ ਇਲਾਕੇ ਨਾਲ ਸੰਬੰਧਿਤ ਸੀ। ਉਹ ਉਚੇਰੀ ਪੜ੍ਹਾਈ ਲਈ ਕੈਨੇਡਾ ਆਈ ਸੀ ਅਤੇ ਆਪਣੀ ਪੜ੍ਹਾਈ ਦੇ ਨਾਲ-ਨਾਲ ਪਾਰਟ-ਟਾਈਮ ਕੰਮ ਵੀ ਕਰਦੀ ਸੀ। ਵੇਰਵਿਆਂ ਮੁਤਾ-ਬਕ ਵਿਧੀ 15 ਮਈ ਤੋਂ ਲਾਪਤਾ ਸੀ। ਉਸ ਦੀ ਭਾਲ ਦੌਰਾਨ ਪੁਲਿਸ ਨੂੰ ਨਿਆਗਰਾ ਖੇਤਰ ਵਿੱਚ ਅਮਰੀਕੀ ਸਰਹੱਦ ਨੇੜੇ ਉਸ ਦੀ ਲਾਸ਼ ਮਿਲੀ। ਜਾਂਚ



ਚਾਕੂ ਹਮਲੇ ਦੌਰਾਨ ਮਾਰੀ ਗਈ ਭਾਰਤੀ ਵਿਦਿਆਰਥਣ ਵਿਧੀ ਮੇਘਾ ਦੀ ਇੱਕ ਤਸਵੀਰ

ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਭਾਈਚਾਰੇ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਵਿਦਿਆਰਥੀਆਂ ਦੀ ਸੁਰੱਖਿਆ ਲਈ ਹੋਰ ਸਖ਼ਤ ਕਦਮ ਚੁੱਕੇ ਜਾਣ।

# ਸੰਤ ਰਾਮਾਨੰਦ ਜੀ ਦੇ ਸ਼ਹੀਦੀ ਦਿਵਸ 'ਤੇ ਪਿੰਡ ਮੋਖੇ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ

ਜਲੰਧਰ, 28 ਮਈ (ਪਰਮਜੀਤ ਜੱਸਲ)-ਰਵਿਦਾਸੀਆ ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾਨੰਦ ਜੀ ਦੇ ਸ਼ਹੀਦੀ ਦਿਵਸ 'ਤੇ ਪਿੰਡ ਮੋਖੇ ਵਿਖੇ ਸ਼੍ਰੀ ਪ੍ਰਕਾਸ਼ ਰਾਮ ਜੀ ਦੇ ਪਰਿਵਾਰ ਵੱਲੋਂ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਜਿੱਥੇ ਗਰਮੀ ਦੇ ਮੌਸਮ ਵਿੱਚ ਠੰਡੇ ਮਿੱਠੇ ਜਲ ਨਾਲ ਸੰਗਤਾਂ ਦੇ ਹਿਰਦੇ ਠਾਰ(ਸ਼ਾਂਤ) ਕੀਤੇ ਜਾ ਰਹੇ ਸਨ ,ਉੱਥੇ ਸੰਤਾਂ ਦੀ ਸ਼ਹਾਦਤ 'ਤੇ ਉਹਨਾਂ ਵੱਲੋਂ ਆਰੰਭੇ ਕਾਰਜਾਂ ਨੂੰ ਵੀ ਸਲਾਹਿਆ ਜਾ ਰਿਹਾ ਸੀ । ਸੰਤਾਂ ਦੀ ਸੋਚ ਸੀ ਕਿ ਸਾਡਾ ਸਮਾਜ ਹਮੇਸ਼ਾ ਤਰੱਕੀ ਕਰੇ, ਉਹ ਪੜ੍ਹ ਲਿਖ ਜਾਵੇ ਅਤੇ ਦੇਸ਼ ਅਤੇ ਸਮਾਜ ਦੀ ਵਾਂਗਡੋਰ ਆਪਣੇ ਹੱਥਾਂ ਵਿੱਚ ਲਵੇ। ਇਸ ਮੌਕੇ 'ਤੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਜ਼ਾਲਮਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ 'ਤੇ ਗੋਲੀਆਂ ਚਲਾ ਕੇ ਸਮੁੱਚੀ ਰਵਿਦਾਸੀਆ ਕੌਮ ਦੇ ਹਿਰਦਿਆਂ ਨੂੰ ਵਲੂੰਧਰਿਆ ਸੀ। ਗੁਰੂ ਰਵਿਦਾਸ ਜੀ ਦੇ ਵੱਧ ਰਹੇ ਪ੍ਰਚਾਰ ਤੇ ਪ੍ਰਸਾਰ ਨੂੰ ਖਤਮ ਕਰਨ ਦੀ ਕੋਝੀ ਸਾਜਿਸ਼ ਰਚੀ ਗਈ ਸੀ।ਪਰ ਸੰਤਾਂ ਦੀ ਸ਼ਹਾਦਤ ਤੋਂ





ਬਾਅਦ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਦਾ ਪ੍ਰਸਾਰ ਤੇ ਪ੍ਰਚਾਰ ਕਈ ਗੁਣਾਂ ਵਧਿਆ ਹੈ। ਇਸ ਮੌਕੇ 'ਤੇ ਸਮੂਹ ਗ੍ਰਾਮ ਪੰਚਾਇਤ ਮੋਖੇ ਅਤੇ ਸਮੂਹ ਨਿਵਾਸੀਆਂ ਵੱਲੋਂ ਸ਼੍ਰੀ ਪ੍ਰਕਾਸ਼ ਰਾਮ ਜੀ ਦੇ ਬੇਟੇ ਡਾ. ਸੁਰਜੀਤ ਲਾਲ ਜੀ ਨੂੰ ਸਰੋਪੇ ਨਾਲ ਸਨਮਾਨਿਤ ਕੀਤਾ ਗਿਆ। ਛਬੀਲ 'ਤੇ ਸੇਵਾ ਨਿਭਾ ਰਹੇ ਸੇਵਾਦਾਰਾਂ ਲਈ ਡੇਰੇ ਤੋਂ ਲੰਗਰ ਭੇਜਿਆ ਗਿਆ ਸੀ। ਬੁੱਧੀਜੀਵੀਆਂ ਵੱਲੋਂ ਡੇਰੇ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ।

# ਮਾਹੀਏ

ਪੱਤੇ ਪਿੱਪਲਾਂ ਦੇ ਹਿੱਲਦੇ ਨੀ,
ਪਹਿਲਾਂ ਗਲੋਂ-ਗਲੀ ਹੁੰਦੇ ਸੀ,
ਹੁਣ ਸਦਨਾਂ 'ਚ ਮਿਲਦੇ ਨੀ।

ਕਾਰਾਂ ਸੜਕਾਂ 'ਤੇ ਭਜਾ ਲਈਆਂ,
ਚੋਣਾਂ ਵਿਚ ਤਾਂ ਲੜਦੇ ਰਹੇ,
ਮੁੜ ਜੱਫੀਆਂ ਪਾ ਲਈਆਂ।

ਫੋਕੇ ਨਾਅਰੇ ਤਾਂ ਲਵਾ ਬੈਠੇ,
ਜਿਨ੍ਹਾਂ ਨੂੰ ਮਾਣ ਜਿੱਤ ਦਾ ਸੀ,
ਉਹੀ ਜ਼ਮਾਨਤਾਂ ਗਵਾ ਬੈਠੇ।

ਬੁੱਧੂ ਸਮਝੀ ਜਿਨ੍ਹਾਂ ਨੇ ਜਨਤਾ,
ਚੋਣ ਨਤੀਜੇ ਵਾਲੇ ਦਿਨ,
ਦੇਖੋ ਉਸ ਨੇ ਹੀ ਮਾਣ ਭੰਨ'ਤਾ।

ਜ਼ਿਮਨੀ ਚੋਣਾਂ ਹੁਣ ਆਉਣੀਆਂ ਨੇ,
ਤੁਸੀਂ ਵੀ ਸੁਚੇਤ ਹੋ ਕੇ,
ਵੋਟਾਂ ਚੰਗਿਆਂ ਨੂੰ ਪਾਉਣੀਆਂ ਨੇ।



ਸੁਰਜੀਤ ਸਿੰਘ ਭੁੱਲਰ



# ਗੱਲ ਜੀਜੇ ਤੇ ਸਾਲੇ ਦੀ

ਸਰਦਾਰ ਸੁਖਬੀਰ ਸਿੰਘ ਬਾਦਲ ਸ਼ਾਇਦ ਉਮਰ ਚ ਮੇਰੇ ਨਾਲੋਂ ਛੋਟੇ ਹਨ। ਸੱਤਾ ਕੱਦ ਵਜ਼ਨ ਪੈਸੇ ਪ੍ਰਾਪਰਟੀ ਵਿੱਚ ਮੈਥੋਂ ਕਈ ਗੁਣਾ ਵੱਡੇ ਹਨ। ਉਹਨਾਂ ਕੋਲ੍ਹ ਤਾਂ ਸਲਾਹਕਾਰ ਵੀ ਬਹੁਤ ਹਨ। ਮੇਰੇ ਵਾਂਗੂ ਇਕੱਲੇ ਨਹੀਂ। ਪਰ ਉਹਨਾਂ ਨੇ ਇਹ ਚੰਗਾ ਨਹੀਂ ਕੀਤਾ। ਜਵਾਈ ਭਾਈ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਠੀਕ ਹੈ ਮਾਂ ਸੁਰਿੰਦਰ ਕੌਰ ਦੇ ਜਾਣ ਨਾਲ ਧੀ ਦਾ ਪੇਕਿਆਂ ਤੇ ਇੰਨਾ ਜੋਰ ਨਹੀਂ ਰਿਹਾ। ਅਖੇ ਪੇਕੇ ਹੁੰਦੇ ਮਾਵਾਂ ਨਾਲ। ਹੁਣ ਤਾਂ ਪਿਓ ਵੀ ਤੁਰ ਗਿਆ। ਵਿਚਾਰੀ ਧੀ ਧਿਆਣੀ ਦਾ ਪੇਕਾ ਜਵਾਂ ਹੀ ਛੁੱਟ ਗਿਆ। ਜਵਾਈ ਤਾਂ ਸਾਰੇ ਪਿੰਡ ਦਾ ਜਵਾਈ ਹੁੰਦਾ ਹੈ। ਪਰ ਤੁਸੀਂ ਤਾਂ ਪਿੰਡ ਬਾਦਲ ਦੀ ਹੀ ਤੋਹੀਨ ਕਰਵਾ ਦਿੱਤੀ।

ਕਾਕਾ ਜੀ ਗੁੱਸਾ ਨਾ ਮੰਨਿਓ ਇੰਨੀ ਭੈੜੀ ਤਾਂ ਮੇਰੇ ਸਹੁਰਿਆਂ ਨੇ ਮੇਰੇ ਨਾਲ ਨਹੀ ਕੀਤੀ ਉਹ ਚਾਰ ਹਨ ਤੇ ਮੈਂ ਇਕੱਲਾ। ਚਾਹੇ ਉਪਰੋਂ ਫੋਕੀ ਹੀ ਸਹੀ ਸੁਲ੍ਹਾ ਤਾਂ ਮਾਰਦੇ ਹੀ ਹਨ। ਤੁਸੀਂ ਇਕੱਲੇ ਹੋ। ਪਹਿਲਾਂ ਛੋਟੇ ਭਰਾ ਮਨਪ੍ਰੀਤ ਨੂੰ ਤੋਰ ਦਿੱਤਾ ਤੇ ਹੁਣ ਜੀਜੇ ਨੂੰ। ਸਾਲੇ ਨੂੰ ਤੋਰਕੇ ਵਿਖਾਓ ਫਿਰ ਮੰਨੀਏ ਤੁਹਾਨੂੰ ਸੂਰਬੀਰ ਨੂੰ। ਫੋਟ ਆਹ ਜਮਾਨਾਂ ਆ ਗਿਆ। ਲੋਕ ਸਾਲਿਆਂ ਨੂੰ ਪਲੂਸ ਪਲੂਸਕੇ ਰੱਖਦੇ ਹਨ। ਤੇ ਜੀਜੇ ਆਊਟ। ਮੇਰੇ ਸਾਲੇ ਵੀ ਆਪਣੇ ਸਾਲਿਆਂ ਨੂੰ ਕੁੰਜੀ ਮੁਖਤਿਆਰ ਬਣਾਈ ਰੱਖਦੇ ਹਨ ਤੇ ਸਲਾਹਕਾਰ ਵੀ। ਮੇਰਾ ਇੱਕ ਕਜਨ ਹੈ ਉਹ ਵੀ ਤੇਰੇ ਵਾਂਗੂ ਕਾਮਜਾਬ ਹੈ ਕਿਉਂਕਿ ਉਸਨੇ ਵੀ ਕੁੰਜੀ ਸਾਲੇ ਨੂੰ ਫੜਾਈ ਹੋਈ ਹੈ ਤੇ ਭਰਾਵਾਂ ਨਾਲ ਟਿਟ ਵੈਰ। ਖੈਰ ਛੱਡ ਯਾਰ। ਤੂੰ ਤਾਂ ਆਪਣੇ ਗੁੱਟ ਤੇ ਬੰਨੀ ਰੱਖੜੀ ਦੀ ਲਾਜ ਵੀ ਨਹੀਂ ਰੱਖੀ।

ਹੁਣ ਬੀਬਾ ਜੀ ਕਿਸ ਮੂੰਹ ਨਾਲ ਰੱਖੜੀ ਬੰਨਣ ਆਉਣਗੇ ਪਿੰਡ ਬਾਦਲ।

ਮੇਰੀ ਹਮਸਫਰ ਵਾਂਗੂ ਚਾਚੇ ਤਾਇਆ ਦੇ ਜੁਆਕਾਂ ਦੇ ਰੱਖੜੀ ਬੰਨਕੇ ਝੱਸ ਪੂਰਾ ਕਰਲੂਗੀ। ਕੋਈਂ ਣੀ ਬੀਬਾ ਜੀ ਆਪਾਂ ਮਨਪ੍ਰੀਤ ਦੇ ਕਮਲ ਦੇ ਫੁੱਲ ਵਾਲੀ ਰਾਖੀ ਬੰਨਕੇ ਬੁੱਤਾ ਸਾਰ ਲਵਾਂਗੇ। ਫਿਰ ਸੋਚਦਾ ਹਾਂ ਆਦੇਸ਼ ਵੀ ਮੇਰੇ ਵਰਗਾ ਇੱਕੋ ਇੱਕ ਜੀਜਾ ਹੈ ਲੋੜੀ ਮੰਗੀਦਾ। ਕੁਝ ਤਾਂ ਕਸੂਰ ਉਸਦਾ ਵੀ ਹੋਊ। ਜਿਵੇ ਮੈਂ ਕਹਾਣੀਆਂ ਲਿਖਦਾ ਹਾਂ ਓਵੇਂ ਉਹ ਕਹਾਣੀਆਂ ਪਾਉਂਦਾ ਹੋਵੇਗਾ। ਉਹ ਵੀ ਮੇਰੇ ਵਾਂਗੂ ਭਲਾ ਮਾਨਸ ਨਹੀਂ ਹੋਣਾ। ਕੋਈਂ ਨਾ ਕੋਈਂ ਸੁਰਲੀ ਛੱਡਦਾ ਰਹਿੰਦਾ ਹੋਣਾ ਹੈ। ਉਸਦਾ ਵੀ ਜਵਾਈਪੁਣਾ ਹਾਵੀ ਹੋ ਜਾਂਦਾ ਹੋਵੇਗਾ ਕਦੇ ਕਦੇ। ਇਸੇ ਹਵਾ ਚ ਵਿਚਾਰਾ ਸਾਲੇ ਦੀ ਕਰੋਪੀ ਦਾ ਸ਼ਿਕਾਰ ਹੋ ਗਿਆ। ਪਰ ਇੱਕ ਸਬਕ ਜਰੂਰ ਮਿਲਿਆ ਹੈ ਕਿ ਇਹ ਸਾਲਿਆਂ ਦਾ ਯੁੱਗ ਹੈ ਜੋਜੋ ਪਿੰਕੀ ਬਿਕਰਮ ਰਾਹੁਲ ਦਾ। ਜਿਸਨੇ ਸਾਲਾ ਸੰਭਾਲ ਲਿਆ ਉਸਦਾ ਘਰ ਵੱਸ ਗਿਆ। ਜੀਜੇ ਤਾਂ ਵਿਚਾਰੇ ਹੋ ਗਏ। ਉਹ ਹੁਣ ਨੀਵੇਂ ਹੋਕੇ ਦਿਨ ਕੱਟਣ। ਹੁਣ ਭੁੱਲ ਜਾਣ ਕਿ ਕੋਈਂ ਉਹਨਾਂ ਲਈ ਵੇਹੜੇ ਚ ਮੰਜੀ ਡਾਹਕੇ ਉਪਰ ਦਰੀ ਚਾਦਰ ਵਿਛਾਊ। ਅੱਜ ਕੱਲ੍ਹ ਜੀਜੇ ਦੇ ਆਏ ਤੋਂ ਸ਼ਾਮ ਨੂੰ ਗਿਲਾਸੀ ਨਹੀਂ ਖੜਕਦੀ ਮੂੰਗੀ ਦੀ ਦਾਲ ਹੀ ਬਣਦੀ ਹੈ।



**ਰਮੇਸ਼ ਸੇਠੀ ਬਾਦਲ**

## ਕਿਤਾਬ ਬਨਾਮ ਹਥਿਆਰ

ਜਦੋਂ ਕਿਤਾਬ ਹੱਥ 'ਚ ਆ ਜਾਵੇ, ਹਥਿਆਰ ਪੈਰਾਂ 'ਚ ਆ ਜਾਂਦਾ,
ਕਲਮ ਦੀ ਤਾਕਤ ਅੱਗੇ ਬਾਰੂਦ ਵੀ ਸਿਰ ਝੁਕਾ ਜਾਂਦਾ।
ਕਿਤਾਬ ਦਿਮਾਗ ਨੂੰ ਖੋਲ੍ਹਦੀ, ਹਥਿਆਰ ਦਿਮਾਗ ਨੂੰ ਬੰਦ ਕਰਦਾ,
ਇੱਕ ਰੌਸ਼ਨੀ ਵੰਡਦੀ, ਦੂਜਾ ਹਨੇਰਾ ਕਰਦਾ।
ਹੱਥ 'ਚ ਕਿਤਾਬ ਹੋਵੇ ਤਾਂ ਪੈਰਾਂ 'ਚ ਬੰਦੂਕ ਡਿੱਗਦੀ,
ਕਿਉਂਕਿ ਨਫ਼ਰਤ ਦਾ ਇਲਾਜ ਗੋਲੀ ਨਹੀਂ, ਗਿਆਨ ਹੁੰਦਾ।
ਕਿਤਾਬ ਸਿਖਾਉਂਦੀ ਸਬਰ ਦਾ ਪਾਠ ਪਿਆਰੇ,
ਹਥਿਆਰ ਸਿਖਾਉਂਦਾ ਬਸ ਖੂਨ ਖਰਾਬਾ ਸਾਰੇ।
ਇੱਕ ਨਾਲ ਮਿਲਦੀ ਇੱਜ਼ਤ ਜੱਗ 'ਚ ਨਾਮ ਕਮਾਉਣਾ,
ਦੂਜੇ ਨਾਲ ਮਿਲਦਾ ਪਛਤਾਵਾ ਜੇਲ੍ਹ 'ਚ ਜਾਣਾ।
ਕਹਿੰਦਾ ਗੁਰਮੀਤ ਡੁਮਾਣਾ, ਸੁਣ ਲੈ ਵੇ ਜਵਾਨਾ,
ਜੇ ਬਦਲਾਅ ਲਿਆਉਣਾ ਤਾਂ ਇਕੋ ਰੱਖ ਨਿਸ਼ਾਨਾ।
ਹਥਿਆਰ ਨਾਲ ਇੱਕ ਮਾਰੇਗਾ,
ਕਿਤਾਬ ਨਾਲ ਬਦਲੂਗਾ ਹਜ਼ਾਰਾਂ ਦੀ ਸੋਚ,
ਕਲਮ ਨਾਲ ਕਰ ਤੂੰ ਵੈਰੀ 'ਤੇ ਕਰਾਰੀ ਚੋਟ।



**ਗੁਰਮੀਤ ਡੁਮਾਣਾ ਲੋਹੀਆਂ**
**ਖਾਸ, ਜਲੰਧਰ**
**76528 16074**

# ਨਜ਼ਰ ਅਤੇ ਨਜ਼ਰੀਆ...

ਤਸਵੀਰ ਵਿੱਚ ਇੱਕ ਗਿਲਾਸ ਹੈ, ਤੁਹਾਡੀ ਨਜ਼ਰ ਹੈ, ਤੁਹਾਡਾ ਨਜ਼ਰੀਆ ਹੈ, ਕਿ ਗਿਲਾਸ ਅੱਧਾ ਖਾਲੀ ਹੈ ਜਾਂ ਗਿਲਾਸ ਅੱਧਾ ਭਰਿਆ ਹੈ।

ਦੁਨੀਆਂ ਦਾ ਇਹੀ ਮਸਲਾ ਹੈ ਕੋਈ ਕਹਿ ਰਿਹਾ ਹੈ ਕਿ ਗਿਲਾਸ ਖਾਲੀ ਨਹੀਂ ਕਹਿਣਾ ਤੇ ਕੋਈ ਕਹਿੰਦਾ ਹੈ ਕਿ ਗਿਲਾਸ ਭਰਿਆ ਨਹੀਂ ਕਹਿਣਾ।

ਦੋਵੇਂ ਸੱਚੇ ਹਨ।

ਪਰ ਸਾਡੀ ਇੱਕ ਸਮੱਸਿਆ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਤਾਂ ਸਹੀ ਮੰਨਦੇ ਹੀ ਹਾਂ ਪਰ ਇਸਦੇ ਨਾਲ ਸਾਨੂੰ ਲੱਗਦਾ ਹੈ ਕਿ ਜਿੰਨਾ ਚਿਰ ਅਸੀਂ ਸਾਹਮਣੇ ਵਾਲੇ ਨੂੰ ਗਲਤ ਸਾਬਿਤ ਨਹੀਂ ਕਰਦੇ ਸਾਡੇ ਸਹੀ ਹੋਣ ਦਾ ਕੋਈ ਮਾਅਨਾ ਨਹੀਂ।

ਅਸੀਂ ਦੁਨੀਆਂ ਨੂੰ ਆਪਣੇ ਫਰੇਮ ਵਿੱਚ ਫਿੱਟ ਕਰਨਾ ਚਾਹੁੰਦੇ ਹਾਂ। ਪਰ ਇਹ ਅਸੰਭਵ ਹੈ ਕਿਉਂਕਿ ਅਸੀਂ ਖੁਦ ਕਿਸੇ ਦੂਸਰੇ ਦੇ ਫਰੇਮ ਵਿੱਚ ਫਿੱਟ ਨਹੀਂ ਹੋਣਾ ਚਾਹੁੰਦੇ।

ਹਰ ਵਿਚਾਰ ਸਮੇਂ ਦੇ ਨਾਲ ਪੁਰਾਣਾ ਹੁੰਦਾ ਤੇ ਜਾਂ ਫਿਰ ਉਸ ਵਿਚਾਰ ਉੱਪਰ ਹੋਰ ਕਰੂੰਬਲਾਂ ਫੁੱਟ ਪੈਂਦੀਆਂ ਹਨ ਤੇ ਮੁੱਢਲਾ ਵਿਚਾਰ ਜੜਾਂ ਬਣਕੇ ਮਿੱਟੀ ਵਿੱਚ ਦੱਬਿਆ ਰਹਿ ਜਾਂਦਾ ਹੈ। ਜਿਵੇਂ ਬਦਲਾਅ ਕੁਦਰਤ ਦਾ ਨਿਯਮ ਹੈ। ਬਿਲਕੁਲ ਓਵੇਂ ਹੀ ਅਸਮਾਨਤਾ ਵੀ ਕੁਦਰਤ ਦਾ ਨਿਯਮ ਹੈ। ਜਿਵੇਂ ਦੁਨੀਆਂ ਤੇ ਦੋ ਇੱਕੋ ਸ਼ਕਲ ਦੇ ਦੋ ਮਨੁੱਖ ਨਹੀਂ ਹਨ ਓਵੇਂ ਹੀ ਦੁਨੀਆਂ ਤੇ ਬਿਲਕੁੱਲ ਇੱਕੋ ਵਿਚਾਰ ਵਾਲੇ ਮਨੁੱਖ ਵੀ ਨਹੀਂ ਹੁੰਦੇ। ਪਰ ਫੇਰ ਵੀ ਜਿਹੜੇ ਇਨਸਾਨ ਇਹ ਮਨਜ਼ੂਰ ਕਰਦੇ ਹਨ ਕਿ ਵਿਰੋਧ ਵਿਚਾਰ ਸਨਮਾਨ ਯੋਗ ਹੈ ਉਨ੍ਹਾਂ ਦੀ ਵਧੀਆ ਨਿਭਦੀ ਹੈ।

ਤੇ ਜਿਹੜੇ ਲੋਕ ਅਜਿਹਾ ਨਹੀਂ ਸਮਝ ਪਾਉਂਦੇ ਉਹ ਨਫਰਤੀ ਮਾਨਸਿਕਤਾ ਦੇ ਸ਼ਿਕਾਰ ਹੋ ਕੇ ਖੁਦ ਵੀ ਨਫਰਤ ਦੇ ਪਾਤਰ ਬਣ ਜਾਂਦੇ ਹਨ। ਕਿਉਂਕਿ ਉਹ ਸਮਝ ਹੀ ਨਹੀਂ ਸਕਦੇ ਕਿ ਅੱਧੇ ਭਰੇ ਹੋਏ ਗਿਲਾਸ ਨੂੰ ਅੱਧਾ ਖਾਲੀ ਗਿਲਾਸ ਵੀ ਕਿਹਾ ਜਾ ਸਕਦਾ ਹੈ।ਧੰਨਵਾਦ।



**ਗੁਰਦੀਪ ਕੌਰੇਆਣਾ ।**






# ਮਨੁੱਖੀ ਜੀਵਨ ਵਿੱਚ ਸ਼ੌਕ ਕਿਉਂ ਜ਼ਰੂਰੀ ਹਨ?

ਅਜੋਕੇ ਤੇਜ਼ ਰਫ਼ਤਾਰੀ ਅਤੇ ਮੁਕਾਬਲੇਬਾਜ਼ੀ ਵਾਲੇ ਯੁੱਗ ਵਿੱਚ ਮਨੁੱਖੀ ਜੀਵਨ ਬਹੁਤ ਹੀ ਤਣਾਓਪੂਰਨ ਅਤੇ ਮਸ਼ੀਨੀ ਬਣਦਾ ਜਾ ਰਿਹਾ ਹੈ। ਲੋਕ ਸਫਲਤਾ, ਧਨ, ਪ੍ਰੀਖਿਆਵਾਂ, ਕੈਰੀਅਰ ਅਤੇ ਸਮਾਜਿਕ ਉਮੀਦਾਂ ਦੀ ਦੌੜ ਵਿੱਚ ਲਗਾਤਾਰ ਦੌੜ ਰਹੇ ਹਨ। ਇਸ ਦੌੜ ਵਿੱਚ ਬਹੁਤੇ ਲੋਕ ਮਾਨਸਿਕ ਸ਼ਾਂਤੀ ਅਤੇ ਭਾਵਨਾਤਮਕ ਸੰਤੁਲਨ ਦੀ ਮਹੱਤਤਾ ਨੂੰ ਭੁੱਲ ਜਾਂਦੇ ਹਨ। ਨਤੀਜੇ ਵਜੋਂ ਤਣਾਅ, ਚਿੰਤਾ, ਇਕਾਂਤਵਾਦ, ਨਿਰਾਸ਼ਾ, ਡਰ ਅਤੇ ਬੇਚੈਨੀ ਵਰਗੀਆਂ ਸਮੱਸਿਆਵਾਂ ਦੁਨੀਆ ਭਰ ਵਿੱਚ ਤੇਜ਼ੀ ਨਾਲ ਵੱਧ ਰਹੀਆਂ ਹਨ। ਐਸੇ ਹਾਲਾਤਾਂ ਵਿੱਚ ਸ਼ੌਕ ਮਨੁੱਖੀ ਜੀਵਨ ਨੂੰ ਸੰਤੁਲਿਤ ਅਤੇ ਖੁਸ਼ਹਾਲ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਸ਼ੌਕ ਉਹ ਗਤੀਵਿਧੀ ਹੁੰਦੀ ਹੈ ਜੋ ਮਨੁੱਖ ਆਪਣੇ ਖਾਲੀ ਸਮੇਂ ਵਿੱਚ ਮਨੋਰੰਜਨ, ਰਚਨਾਤਮਕਤਾ ਜਾਂ ਆਤਮਿਕ ਸੰਤੁਸ਼ਟੀ ਲਈ ਕਰਦਾ ਹੈ। ਇਹ ਰੋਜ਼ਗਾਰ ਜਾਂ ਪੈਸਾ ਕਮਾਉਣ ਲਈ ਨਹੀਂ, ਸਗੋਂ ਖੁਸ਼ੀ ਅਤੇ ਮਨ ਦੀ ਸ਼ਾਂਤੀ ਲਈ ਕੀਤੀ ਜਾਂਦੀ ਹੈ। ਕਿਤਾਬਾਂ ਪੜ੍ਹਨਾ, ਬਾਗਬਾਨੀ ਕਰਨਾ, ਚਿੱਤਰਕਲਾ, ਸੰਗੀਤ, ਨਾਚ, ਲੇਖਨ, ਫੋਟੋਗ੍ਰਾਫੀ, ਖੇਡਾਂ, ਰਸੋਈ ਕਲਾ, ਯਾਤਰਾ ਕਰਨਾ ਜਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨਾ — ਇਹ ਸਾਰੇ ਸ਼ੌਕਾਂ ਦੇ ਉਦਾਹਰਨ ਹਨ। ਹਰ ਵਿਅਕਤੀ ਦੇ ਸ਼ੌਕ ਉਸਦੀ ਰੁਚੀ ਅਤੇ ਸੁਭਾਵ ਅਨੁਸਾਰ ਵੱਖ-ਵੱਖ ਹੋ ਸਕਦੇ ਹਨ।

ਸ਼ੌਕ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਮਨੁੱਖੀ ਸੁਭਾਅ ਅਤੇ ਮਨ ਦੇ ਸਿਹਤਮੰਦ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਹ ਰੋਜ਼ਾਨਾ ਦੀ ਇਕਸਾਰ ਜ਼ਿੰਦਗੀ ਤੋਂ ਰਾਹਤ ਦਿੰਦੇ ਹਨ ਅਤੇ ਮਨੁੱਖ ਨੂੰ ਮਾਨਸਿਕ ਅਤੇ ਭਾਵਨਾਤਮਕ ਤੌਰ ‘ਤੇ ਤਾਜ਼ਗੀ ਪ੍ਰਦਾਨ ਕਰਦੇ ਹਨ। ਜਦੋਂ ਕੋਈ ਵਿਅਕਤੀ ਆਪਣੇ ਮਨਪਸੰਦ ਸ਼ੌਕ ਵਿੱਚ ਡੂੰਘਾਈ ਨਾਲ ਸ਼ਾਮਲ ਹੁੰਦਾ ਹੈ ਤਾਂ ਉਸਦਾ ਮਨ ਸ਼ਾਂਤੀ ਅਤੇ ਸੰਤੁਸ਼ਟੀ ਮਹਿਸੂਸ ਕਰਦਾ ਹੈ। ਸ਼ੌਕ ਮਾਨਸਿਕ ਥਕਾਵਟ ਨੂੰ ਘੱਟਾਉਂਦੇ ਹਨ ਅਤੇ ਨਕਾਰਾਤਮਕ ਵਿਚਾਰਾਂ ਤੋਂ ਦੂਰ ਰੱਖਦੇ ਹਨ। ਇਹ ਰਚਨਾਤਮਕਤਾ, ਧੀਰਜ, ਆਤਮ-ਵਿਸ਼ਵਾਸ ਅਤੇ ਧਿਆਨ ਕੇਂਦ੍ਰਿਤ ਕਰਨ ਦੀ ਸਮਰੱਥਾ ਨੂੰ ਵੱਧਾਉਂਦੇ ਹਨ। ਜੋ ਵਿਅਕਤੀ ਨਿਯਮਿਤ ਤੌਰ ‘ਤੇ ਆਪਣੇ ਸ਼ੌਕਾਂ ਲਈ ਸਮਾਂ ਕੱਢਦਾ ਹੈ, ਉਹ ਅਕਸਰ ਜ਼ਿਆਦਾ ਆਸ਼ਾਵਾਦੀ ਅਤੇ ਭਾਵਨਾਤਮਕ ਤੌਰ ‘ਤੇ ਮਜ਼ਬੂਤ ਹੁੰਦਾ ਹੈ।

ਸ਼ੌਕ ਮਨੁੱਖ ਨੂੰ ਆਪਣੀਆਂ ਲੁਕੀਆਂ ਹੋਈਆਂ ਯੋਗਤਾਵਾਂ ਅਤੇ ਪ੍ਰਤਿਭਾਵਾਂ ਨੂੰ ਪਛਾਣਣ ਦਾ ਮੌਕਾ ਵੀ ਦਿੰਦੇ ਹਨ। ਦੁਨੀਆ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ, ਵਿਗਿਆਨੀਆਂ, ਕਲਾਕਾਰਾਂ, ਸੰਗੀਤਕਾਰਾਂ ਅਤੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦੀ ਸ਼ੁਰੂਆਤ ਬਚਪਨ ਦੇ ਸ਼ੌਕਾਂ ਤੋਂ ਹੀ ਕੀਤੀ ਸੀ। ਕਈ ਵਾਰ ਇਹੀ ਸ਼ੌਕ ਭਵਿੱਖ ਵਿੱਚ ਸਫਲ ਕੈਰੀਅਰ ਦਾ ਰੂਪ ਵੀ ਧਾਰ ਲੈਂਦੇ ਹਨ।

ਆਧੁਨਿਕ ਸਮਾਜ ਵਿੱਚ ਮਾਨਸਿਕ ਸਿਹਤ ਸਭ ਤੋਂ ਵੱਡੀਆਂ ਚਿੰਤਾਵਾਂ ਵਿੱਚੋਂ ਇੱਕ ਬਣ ਚੁੱਕੀ ਹੈ। ਡਰ, ਬੇਚੈਨੀ, ਚਿੰਤਾ ਅਤੇ ਤਣਾਅ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਅਤੇ ਵੱਡਿਆਂ ਤੱਕ ਹਰ ਵਰਗ ਨੂੰ ਪ੍ਰਭਾਵਿਤ ਕਰ ਰਹੇ ਹਨ। ਮੋਬਾਈਲ ਫੋਨਾਂ ਦੀ ਅਤਿ ਵਰਤੋਂ, ਸੋਸ਼ਲ ਮੀਡੀਆ ਦੀ ਲਤ, ਪੜ੍ਹਾਈ ਦਾ ਦਬਾਅ, ਬੇਰੁਜ਼ਗਾਰੀ, ਇਕਾਂਤਵਾਦ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀ ਇਸ ਦੇ ਮੁੱਖ ਕਾਰਨ ਹਨ।

ਇਸ ਪ੍ਰਸੰਗ ਵਿੱਚ ਸ਼ੌਕ ਕੁਦਰਤੀ ਤਣਾਅ-ਨਿਵਾਰਕ ਦਾ ਕੰਮ ਕਰਦੇ ਹਨ। ਜਦੋਂ ਮਨੁੱਖ ਉਹ ਕੰਮ ਕਰਦਾ ਹੈ ਜਿਸ ਵਿੱਚ ਉਸਨੂੰ ਸੱਚੀ ਖੁਸ਼ੀ ਮਿਲਦੀ ਹੈ, ਤਾਂ ਦਿਮਾਗ ਵਿੱਚ ਡੋਪਾਮਾਈਨ ਅਤੇ ਸੈਰੋਟੋਨਿਨ ਵਰਗੇ ਸਕਾਰਾਤਮਕ ਰਸਾਇਣ ਨਿਕਲਦੇ ਹਨ ਜੋ ਮਨ ਨੂੰ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਦੇ ਹਨ। ਬਾਗਬਾਨੀ ਮਨੁੱਖ ਨੂੰ ਕੁਦਰਤ ਨਾਲ ਜੋੜਦੀ ਹੈ ਅਤੇ ਮਨ ਵਿੱਚ ਸ਼ਾਂਤੀ ਪੈਦਾ ਕਰਦੀ ਹੈ। ਸੰਗੀਤ ਮਨ ਦਾ ਤਣਾਅ ਘੱਟਾਉਂਦਾ ਹੈ। ਕਿਤਾਬਾਂ ਪੜ੍ਹਨਾ ਕਲਪਨਾ ਸ਼ਕਤੀ ਨੂੰ ਵੱਧਾਉਂਦਾ ਹੈ ਅਤੇ ਇਕਾਂਤਵਾਦ ਨੂੰ ਘਟਾਉਂਦਾ ਹੈ। ਖੇਡਾਂ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦੀ ਸਿਹਤ ਨੂੰ ਮਜ਼ਬੂਤ ਕਰਦੀਆਂ ਹਨ। ਚਿੱਤਰਕਲਾ ਅਤੇ ਰਚਨਾਤਮਕ ਕਲਾਵਾਂ ਭਾਵਨਾਵਾਂ ਨੂੰ ਸਿਹਤਮੰਦ ਢੰਗ ਨਾਲ ਪ੍ਰਗਟ ਕਰਨ ਦਾ ਮੌਕਾ ਦਿੰਦੀਆਂ ਹਨ।

ਚਿੰਤਾ ਰੋਗ ਦਾ ਸ਼ਿਕਾਰ ਵਿਅਕਤੀ ਅਕਸਰ ਆਪਣੇ ਆਪ ਨੂੰ ਇਕੱਲਾ ਅਤੇ ਨਿਰਾਸ਼ ਮਹਿਸੂਸ ਕਰਦਾ ਹੈ। ਐਸੇ ਸਮੇਂ ਸ਼ੌਕ ਉਸਨੂੰ ਜੀਵਨ ਵਿੱਚ ਨਵਾਂ ਉਦੇਸ਼, ਉਤਸ਼ਾਹ ਅਤੇ ਸਰਗਰਮੀ ਦਿੰਦੇ ਹਨ। ਸਮੂਹਿਕ ਸ਼ੌਕ ਜਿਵੇਂ ਖੇਡਾਂ, ਸੰਗੀਤ ਮੰਡਲੀਆਂ, ਨਾਟਕ ਅਤੇ ਸਮਾਜਿਕ ਗਤੀਵਿਧੀਆਂ ਇਕਾਂਤਵਾਦ ਨੂੰ ਘੱਟਾਉਣ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ। ਇਸ ਲਈ ਕਈ ਦੇਸ਼ਾਂ ਵਿੱਚ ਡਾਕਟਰ ਅਤੇ ਮਨੋਵਿਗਿਆਨੀ ਵੀ ਤਣਾਅ ਅਤੇ ਡਿਪ੍ਰੈਸ਼ਨ ਦੇ ਇਲਾਜ ਲਈ ਸ਼ੌਕ ਅਪਣਾਉਣ ਦੀ ਸਲਾਹ ਦਿੰਦੇ ਹਨ। ਇਹ ਸਾਬਤ ਕਰਦਾ ਹੈ ਕਿ ਸ਼ੌਕ ਕੋਈ ਵਿਲਾਸਤਾ ਨਹੀਂ, ਸਗੋਂ ਮਾਨਸਿਕ ਸਿਹਤ ਲਈ ਜ਼ਰੂਰਤ ਹਨ।

ਸ਼ੌਕਾਂ ਦੀ ਸਿੱਖਿਆ ਬਚਪਨ ਤੋਂ ਹੀ ਦੇਣੀ ਚਾਹੀਦੀ ਹੈ ਕਿਉਂਕਿ ਬਚਪਨ ਵਿਅਕਤੀਤਵ ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਦੌਰ ਹੁੰਦਾ ਹੈ। ਬੱਚਿਆਂ ਦਾ ਮਨ ਕੁਦਰਤੀ ਤੌਰ ‘ਤੇ ਜਿਗਿਆਸੂ ਅਤੇ ਰਚਨਾਤਮਕ ਹੁੰਦਾ ਹੈ। ਜੇਕਰ ਬਚਪਨ ਤੋਂ ਹੀ ਉਨ੍ਹਾਂ ਨੂੰ ਵੱਖ-ਵੱਖ ਸ਼ੌਕਾਂ ਨਾਲ ਜੋੜਿਆ ਜਾਵੇ ਤਾਂ ਉਹ ਭਵਿੱਖ ਵਿੱਚ ਆਤਮ-ਵਿਸ਼ਵਾਸੀ, ਸੰਤੁਲਿਤ ਅਤੇ ਰਚਨਾਤਮਕ ਨਾਗਰਿਕ ਬਣ ਸਕਦੇ ਹਨ।

ਅੱਜ ਕਈ ਮਾਪੇ ਸਿਰਫ਼ ਅਕਾਦਮਿਕ ਪ੍ਰਾਪਤੀਆਂ ਅਤੇ ਮੁਕਾਬਲੇ ‘ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਬੱਚਿਆਂ ‘ਤੇ ਪੜ੍ਹਾਈ, ਕੋਚਿੰਗ ਅਤੇ ਸਕਰੀਨ ਦੇ ਦਬਾਅ ਕਾਰਨ ਛੋਟੀ ਉਮਰ ਵਿੱਚ ਹੀ ਤਣਾਅ ਅਤੇ ਚਿੜਚਿੜਾਪਣ ਵੱਧ ਰਿਹਾ ਹੈ। ਜੇਕਰ ਬੱਚਿਆਂ ਨੂੰ ਸ਼ੌਕਾਂ ਨਾਲ ਜੋੜਿਆ ਜਾਵੇ ਤਾਂ ਉਹ ਰਚਨਾਤਮਕਤਾ, ਅਨੁਸ਼ਾਸਨ, ਟੀਮਵਰਕ, ਧੀਰਜ ਅਤੇ ਸਮੇਂ ਦੇ ਪ੍ਰਬੰਧਨ ਵਰਗੀਆਂ ਮਹੱਤਵਪੂਰਨ ਜੀਵਨ ਕੌਸ਼ਲ ਸਿੱਖਦੇ ਹਨ। ਇਸ ਨਾਲ ਉਹ ਡਿਜ਼ੀਟਲ ਗੈਜਟਾਂ ਅਤੇ ਸੋਸ਼ਲ ਮੀਡੀਆ ਉੱਤੇ ਘੱਟ ਨਿਰਭਰ ਰਹਿੰਦੇ ਹਨ।

ਸਕੂਲਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਿਰਫ਼ ਅੰਕਾਂ ਦੀ ਦੌੜ ਵਿੱਚ ਨਾ ਧੱਕਣ, ਸਗੋਂ ਉਨ੍ਹਾਂ ਦੀਆਂ ਕੁਦਰਤੀ ਰੁਚੀਆਂ ਨੂੰ ਵੀ ਉਤਸ਼ਾਹਿਤ ਕਰਨ। ਸਕੂਲਾਂ ਵਿੱਚ ਸੰਗੀਤ, ਚਿੱਤਰਕਲਾ, ਖੇਡਾਂ, ਬਾਗਬਾਨੀ, ਕਹਾਣੀ ਲੇਖਨ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਸਿੱਖਿਆ ਦਾ ਅਟੁੱਟ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ।

ਆਧੁਨਿਕ ਸਿੱਖਿਆ ਪ੍ਰਣਾਲੀ ਅਕਸਰ ਅੰਕਾਂ ਅਤੇ ਪ੍ਰੀਖਿਆਵਾਂ ‘ਤੇ ਜ਼ਿਆਦਾ ਜ਼ੋਰ ਦਿੰਦੀ ਹੈ, ਜਦਕਿ ਅਸਲ ਸਿੱਖਿਆ ਦਾ ਮਕਸਦ ਵਿਅਕਤੀਤਵ ਦਾ ਸਰਵਪੱਖੀ ਵਿਕਾਸ ਹੋਣਾ ਚਾਹੀਦਾ ਹੈ। ਸ਼ੌਕ ਵਿਦਿਆਰਥੀਆਂ ਨੂੰ ਹੋਰ ਰਚਨਾਤਮਕ, ਨਵੀਨਤਮ ਅਤੇ ਮਾਨਸਿਕ ਤੌਰ ‘ਤੇ ਮਜ਼ਬੂਤ ਬਣਾਉਂਦੇ ਹਨ। ਸਕੂਲਾਂ ਵਿੱਚ ਹੌਬੀ ਕਲੱਬ ਅਤੇ ਸਹਿਯੋਗੀ ਗਤੀਵਿਧੀਆਂ ਨੂੰ ਪ੍ਰੋਤਸਾਹਿਤ ਕਰਕੇ ਵਿਦਿਆਰਥੀਆਂ ਦੇ ਮਾਨਸਿਕ ਸਿਹਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸ਼ੌਕ ਮਨੁੱਖੀ ਜੀਵਨ ਦਾ ਬਹੁਤ ਜ਼ਰੂਰੀ ਹਿੱਸਾ ਹਨ। ਇਹ ਮਨੁੱਖ ਨੂੰ ਖੁਸ਼ੀ, ਸ਼ਾਂਤੀ, ਰਚਨਾਤਮਕਤਾ ਅਤੇ ਭਾਵਨਾਤਮਕ ਸੰਤੁਲਨ ਪ੍ਰਦਾਨ ਕਰਦੇ ਹਨ। ਸ਼ੌਕ ਤਣਾਅ, ਚਿੰਤਾ, ਇਕਾਂਤਵਾਦ, ਬੇਚੈਨੀ ਅਤੇ ਡਰ ਨਾਲ ਲੜਨ ਵਿੱਚ ਸਹਾਇਕ ਹਨ ਅਤੇ ਜੀਵਨ ਨੂੰ ਨਵਾਂ ਅਰਥ ਦਿੰਦੇ ਹਨ।

ਅਜੋਕੇ ਮੁਕਾਬਲੇਬਾਜ਼ੀ ਅਤੇ ਤਕਨੀਕੀ ਵਿਘਨਾਂ ਵਾਲੇ ਯੁੱਗ ਵਿੱਚ ਸ਼ੌਕ ਕੋਈ ਵਿਕਲਪ ਨਹੀਂ ਰਹੇ, ਸਗੋਂ ਸਿਹਤਮੰਦ ਜੀਵਨ ਲਈ ਲਾਜ਼ਮੀ ਸਾਧਨ ਬਣ ਚੁੱਕੇ ਹਨ। ਜੇਕਰ ਬਚਪਨ ਤੋਂ ਹੀ ਸ਼ੌਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਅਸੀਂ ਭਵਿੱਖ ਲਈ ਮਾਨਸਿਕ ਤੌਰ ‘ਤੇ ਮਜ਼ਬੂਤ, ਰਚਨਾਤਮਕ ਅਤੇ ਸੰਤੁਲਿਤ ਪੀੜ੍ਹੀ ਤਿਆਰ ਕਰ ਸਕਦੇ ਹਾਂ।

ਉਹ ਸਮਾਜ ਜੋ ਸ਼ੌਕਾਂ, ਕਲਾ ਅਤੇ ਰਚਨਾਤਮਕਤਾ ਨੂੰ ਮਹੱਤਵ ਦਿੰਦਾ ਹੈ, ਉਹ ਸਿਰਫ਼ ਸਫਲ ਪੇਸ਼ੇਵਰ ਹੀ ਨਹੀਂ, ਸਗੋਂ ਖੁਸ਼ਹਾਲ, ਸਿਹਤਮੰਦ ਅਤੇ ਮਨੁੱਖਤਾ-ਪ੍ਰੇਮੀ ਨਾਗਰਿਕ ਵੀ ਤਿਆਰ ਕਰਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ ( ਭਾਗ 4)

## ਅਧਿਆਇ 1: ਪੰਜਾਬ ਦਾ ਰਾਜਨੀਤਕ ਭੂਗੋਲ

ਇਸ ਅਧਿਆਇ ਵਿਚ ਪੰਜਾਬ ਦੇ ਰਾਜਨੀਤਕ ਭੂਗੋਲ ਦਾ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ ਜਿਸ ਵਿਚ ਤਥਾਗਤ ਬੁੱਧ ਦੇ ਸਮੇਂ ਤੋਂ ਲੈ ਕੇ ਅਜੋਕੇ ਪੰਜਾਬ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਬੁੱਧ ਦੇ ਸਮੇਂ ਚ ਪੰਜਾਬ ਨਾਂ ਦੇ ਇਲਾਕੇ ਨੂੰ ਕਿੰਨਾ ਕਿੰਨਾ ਨਾਵਾਂ ਨਾਲ ਜਾਣਿਆ ਜਾਂਦਾ ਸੀ। ਸਮੇਂ ਸਮੇਂ ਇਸ ਦੀਆਂ ਹੱਦਾਂ ਵਿਚ ਕਿਹੋ ਜਿਹੇ ਪ੍ਰੀਵਰਤਨ ਹੋਏ। ਕਿਹੜੇ ਕਿਹੜੇ ਮਹਾਂ ਰਾਜਿਆਂ, ਰਾਜਿਆਂ, ਰਜਵਾੜਿਆਂ ਅਤੇ ਕਬੀਲਿਆਂ ਨੇ ਪੰਜਾਬ ਉਪਰ ਰਾਜ ਕੀਤਾ, ਤਰਤੀਬ ਵਾਰ ਖੁਲਾਸਾ ਕੀਤਾ ਗਿਆ ਹੈ ਜਿਵੇਂ:

ਬੁੱਧ ਦੇ ਸਮੇਂ ਜਿਹੜੇ 16 ਰਾਜਾਂ ਦੀ ਸੂਚੀ ਤ੍ਰੀਪਿਟਕ ਚ ਮਿਲਦੀ ਹੈ, ਉਸ ਚ ਉੱਤਰ ਪੱਛਮੀ ਭਾਰਤ ਦਾ ਇਹ ਇਲਾਕਾ ਕੁਰੂ ਜਨਪਦ ਦੇ ਨੇੜੇ ਕੰਬੋਜ-ਗੰਧਾਰ ਅਤੇ ਮਦੁਰ ਰਾਸ਼ਟਰ ਦੇ ਦਰਮਿਆਨ ਦਾ ਇਲਾਕਾ ਹੋ ਸਕਦਾ ਹੈ ਕਿਉਂਕਿ ਮਦੁਰ ਰਾਸ਼ਟਰ ਰਾਵੀ ਅਤੇ ਚਿਨਾਬ ਦੇ ਵਿਚਕਾਰਲੇ ਪ੍ਰਦੇਸ਼ ਸਿਆਲਕੋਟ ਦੇ ਨੇੜੇ ਤੇੜੇ ਸਥਿਤ ਸੀ। ਈਸਵੀ ਸੰਨ ਦੇ ਲਾਗੇ ਯਵਨ ਰਾਜਾ ਮਲਿੰਦ ਨੇ ਇਸਨੂੰ ਆਪਣੀ ਰਾਜਧਾਨੀ ਬਣਾਇਆ ਸੀ। ਮਦੁਰ ਰਾਸ਼ਟਰ, ਜਿਸ ਨੂੰ ਕਦੀ ਬਾਹਿਯ, ਕਦੀ ਵਾਹੀਕ ਨਾਂ ਨਾਲ ਜਾਣਿਆ ਗਿਆ, ਬਾਰੇ ਮਹਾਂ ਭਾਰਤ ਦੇ ਕਰਣ ਪਰਵ , ਅਧਿਆਇ 44 ਚ ਕਿਹਾ ਗਿਆ ਹੈ ਕਿ " ਕਿਸੇ ਨੂੰ ਵਾਹੀਕ ਦੇਸ਼ ਚ ਨਹੀਂ ਜਾਣਾ ਚਾਹੀਦਾ, ਜਿੱਥੇ ਪੰਜ ਨਦੀਆਂ ਤੇ ਛੇਵੀਂ ਸਿੰਧੂ ਵਗਦੀਆਂ ਹਨ ਕਿਉਂਕਿ ਹਿਮਾਲਾ, ਗੰਗਾ, ਯਮਨਾ ਤੇ ਸਰਸਵਤੀ, ਇਸਨੂੰ ਪਵਿੱਤਰ ਨਹੀਂ ਕਰਦੇ ਤੇ ਇਹ ਸੱਚੇ ਧਰਮ ਅਤੇ ਸਵੱਛਤਾ ਤੋਂ ਸੱਖਣਾ ਹੈ।ਲਸਣ ਨਾਲ ਗੌਮਾਸ ਖਾਣ ਵਾਲੇ ਤੇ ਚਾਉਲਾਂ ਦੇ ਸ਼ੀਰੇ ਤੋਂ ਬਣੀ ਮਦੁਰਾ ਪੀਣ ਵਾਲੇ ਠੀਕ ਹੀ ਸੁਸ਼ੀਲ ਕੁਲਾਂ ਵਾਲੇ ਗੁਣਾਂ ਤੋਂ ਬਾਹਰੇ ਹੁੰਦੇ ਹਨ। ਇਸ ਦੇਸ਼ ਨੂੰ ਅਰੱਤ( ਅਰੱਟ) ਸੱਦਿਆ ਜਾਂਦਾ ਹੈ ਤੇ ਇਹ ਧਰਮ ਤੋਂ ਸੱਖਣਾ ਹੈ: ਉਥੇ ਨਹੀਂ ਜਾਣਾ ਚਾਹੀਦਾ, ਇਹ ਵਿਰਾਟ ਲੋਕਾਂ ਦਾ ( ਜੋ ਧਾਰਮਿਕ ਰੀਤ-ਸੰਸਕਾਰ ਤੇ ਬਲੀ-ਯੱਗ ਸੰਸਕਾਰ ਤੋਂ ਕੋਰੇ ਹਨ) ਦੇਸ਼ ਹੈ। ਜੇ ਤੁਸੀਂ ਯੁਗੰਧਰ ਨਗਰ ਦਾ ਪਾਣੀ ਪੀਓਗੇ ਜਾਂ ਅਚੁਤ ਸਥਲ ਵਿਚ ਲਹਰੋਗੇ ਜਾਂ ਭੁਤਲਵ ਦੇ ਤਾਲ ਵਿਚ ਨਹਾਉਗੇ ਤਾਂ ਸਵਰਗ ਵਿਚ ਕਿਵੇਂ ਜਾ ਸਕੋਗੇ? ਇਕ ਆਰਯ ਨੂੰ ਆਰੱਤ ਵਾਹੀਕ ਦੇਸ਼ ਵਿਚ ਦੋ ਦਿਨ ਨਹੀਂ ਠਹਿਰਨਾ ਚਾਹੀਦਾ, ਜਿਥੇ ਬ੍ਰਾਹਮਣ ਕਸ਼ੱਤਰੀ ਬਣ ਜਾਂਦਾ ਹੈ ਤੇ ਫਿਰ ਬ੍ਰਾਹਮਣ ਦਾ ਬ੍ਰਾਹਮਣ ਰਹਿੰਦਾ ਹੈ।" ਮਦੁਰ, ਉਸ਼ੀਨਰ ਅਤੇ ਤ੍ਰਿਗਰਤ ਨੂੰ ਮਿਲਾ ਕੇ ਬਣੇ ਪ੍ਰਦੇਸ਼ ' ਸਿੰਧੂ ਤੋਂ ਸਤਦੁਰ ' ਤੱਕ ਦੇ ਪ੍ਰਦੇਸ਼ ਨੂੰ ' ਵਾਹੀਕ' ਕਹਿੰਦੇ ਸਨ,




ਜਿਸ ਦੀ ਰਾਜਧਾਨੀ ਸਾਕਲ ( ਸਿਆਲਕੋਟ) ਸੀ।

ਕਬੀਲਾਈ ਰਾਜ ਵੇਲੇ ਇਹ ਇਲਾਕਾ ਕਈ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਗਿਆ, ਜਿਥੇ ਸਥਾਨਕ ਕਬੀਲੇ ਰਾਜ ਕਰਦੇ ਸਨ ਜਿਵੇਂ:

1.ਮਾਲਵ : ਯਵਨ ਰਾਜ ਤੋਂ ਬਾਅਦ, ਇਹ ਲੋਕ ਰਾਜਸਥਾਨ ਚਲੇ ਗਏ।

2. ਯੋਧਏ : ਇਨ੍ਹਾਂ ਦੇ ਸਿੱਕੇ ਪੰਜਾਬ ਵਿਚੋਂ, ਖ਼ਾਸ ਕਰ ਲੁਧਿਆਣੇ ਦੇ ਸੁਨੇਤ ਤੋਂ ਮਿਲੇ ਹਨ ।

3. ਸਿਬਿ: ਯੂਨਾਨੀ ਇਨ੍ਹਾਂ ਨੂੰ ਸਿਬੋਈ ਕਹਿੰਦੇ ਸਨ, ਚਿਤੌੜ ਨੇੜੇ ਰਾਜਸਥਾਨ ਚ ਵਸ ਗਏ।

4. ਕੁਨਿੰਦ: ਇਨ੍ਹਾਂ ਦੇ ਸਿੱਕੇ ਵੀ ਮਿਲਦੇ ਹਨ, ਇਨ੍ਹਾਂ ਦੇ ਰਾਜਾ ਦਾ ਨਾਂ ਅਮੋਘਭੂਤੀ ਸਿੱਕਿਆਂ ਉਪਰ ਲਿਖੀਆਂ ਮਿਲਦਾ ਹੈ।

5.ਕਲੂਤ: ਅੱਜ ਦਾ ਕੁੱਲੂ। ਕੁਨਿੰਦਾ ਨੇ ਕਲੂਤਾ ਨੂੰ ਹਰਾਇਆ ਸੀ।

6. ਅਦੁੰਬਰ: ਇਹ ਪੰਜਾਬ ਦੇ ਕਾਂਗੜਾ, ਗੁਰਦਾਸ ਪੁਰ ਅਤੇ ਹੁਸ਼ਿਆਰ ਪੁਰ ਚ ਰਹਿੰਦੇ ਸਨ। ' ਉਦੱਬਰਿਕਾ' ਅੱਜ -ਕੱਲ ਦਾ ' ਪਠਾਨਕੋਟ ' ਹੈ।

ਸਿੱਕਿਆਂ ਦੇ ਅਧਾਰ ਉਤੇ ਪੰਜਾਬ ਉਪਰ ਰਾਜ ਕਰਨ ਵਾਲੇ ਰਾਜਿਆਂ ਦਾ ਵਿਸ਼ੇਸ਼ ਵਰਨਣ, ਪੁਸਤਕ ਦੇ ਅਖੀਰ ਚ " ਪ੍ਰਾਚੀਨ ਸਿੱਕੇ ਅਤੇ ਮੋਹਰਾਂ" ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

ਅੰਤ ਵਿੱਚ ਪੰਜਾਬ ਬਾਰੇ ਕਾਲ-ਖੰਡ ਮੁਤਾਬਕ ਸਾਰਣੀ ਦਿੱਤੀ ਗਈ ਹੈ ਤਾਂ ਕਿ ਪਾਠਕ ਨੂੰ ਕਿਤਾਬ ਦੇ ਵਿਸ਼ੇ-ਵਸਤੂ ਨੂੰ ਸਮਝਣ ਵਿਚ ਆਸਾਨੀ ਹੋ ਸਕੇ। ਆਧੁਨਿਕ ਪੰਜਾਬੀ ਵਿਚ ਭਾਵੇਂ ਹੁਣ ਛੋਟੇ ਛੋਟੇ 23 ਜ਼ਿਲ੍ਹੇ ਬਣ ਗਏ ਹਨ ਪਰ ਪੁਰਾਣੇ ਬੋਧੀ ਪੰਜਾਬ ਦੀਆਂ ਹੱਦਾਂ ਚ ਗੰਧਾਰ, ਕੰਬੋਜ, ਰਾਜੌਰੀ, ਪੁੱਛ, ਅਭੀਸਾਰ ਅਤੇ ਹਜ਼ਾਰੇ ਤੱਕ , ਪੂਰਵੀ ਅਫ਼ਗਾਨਿਸਤਾਨ ਦੀਆਂ ਸਵਾਤ , ਕੁਨਾਰ ਅਤੇ ਕਪਿਸ਼ਾ ਵਾਦੀਆਂ ਵੀ ਸ਼ਾਮਲ ਸਨ ਜਿਸ ਨੂੰ ਮਾਈਕਲ ਵਿਟਜ਼ਲ ਨੇ "" ਮਹਾਂਪੰਜਾਬ "" ਕਿਹਾ ਹੈ।.....ਚਲਦਾ



ਹਰਮੇਸ਼ ਜੱਸਲ

# ਜਨਮ ਦਿਨ ’ਤੇ ਆਪਣੇ ਹਰਫ਼ਨਮੌਲਾ ਪਾਪਾ ਲਈ ਇਕ ਧੀ ਦੇ ਸ਼ਬਦ

ਜਦੋਂ ਕੋਈ ਲੇਖਕ ਕਲਮ ਹੱਥ ਵਿੱਚ ਫੜਦਾ ਹੈ ਤਾਂ ਉਸਦੇ ਮਨ ਵਿੱਚ ਸਭ ਤੋਂ ਪਹਿਲੀ ਖ਼ਾਹਿਸ਼ ਇਹ ਹੁੰਦੀ ਹੈ ਕਿ ਉਸਦੇ ਲਿਖੇ ਹਰ ਸ਼ਬਦ ਪਾਠਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਉਣ।

ਪਰ ਕੁਝ ਵਿਅਕਤਿਤਵ ਅਜੇਹੇ ਵੀ ਹੁੰਦੇ ਹਨ ਜੋ ਸਿਰਫ਼ ਨਾਮ ਜਾਂ ਪ੍ਰਸਿੱਧੀ ਲਈ ਨਹੀਂ, ਸਗੋਂ ਆਪਣੇ ਅੰਦਰਲੇ ਜਜ਼ਬੇ ਅਤੇ ਸਮਾਜ ਪ੍ਰਤੀ ਪਿਆਰ ਕਰਕੇ ਲਿਖਦੇ ਹਨ। ਅਜਿਹੀ ਹੀ ਇੱਕ ਪ੍ਰੇਰਣਾਦਾਇਕ ਅਤੇ ਵਿਲੱਖਣ ਸ਼ਖ਼ਸੀਅਤ ਹਨ ਮੇਰੇ ਪਾਪਾ, ਬਲਦੇਵ ਸਿੰਘ ਬੇਦੀ, ਜੋ ਪਿਛਲੇ ਤਿੰਨ ਦਹਾਕਿਆਂ ਤੋਂ ਆਪਣੀ ਲੇਖਣੀ ਰਾਹੀਂ ਸਾਹਿਤ, ਸਮਾਜ ਅਤੇ ਸੱਭਿਆਚਾਰ ਦੀ ਸੇਵਾ ਕਰ ਰਹੇ ਹਨ।

ਉਹਨਾਂ ਦੀ ਲਿਖਤ ਸਿਰਫ਼ ਸ਼ਬਦਾਂ ਦਾ ਜੋੜ ਨਹੀਂ ਹੁੰਦੀ, ਸਗੋਂ ਇੱਕ ਅਜਿਹਾ ਦਰਪਣ ਹੁੰਦੀ ਹੈ ਜਿਸ ਵਿੱਚ ਸਮਾਜ, ਸੱਭਿਆਚਾਰ, ਰਿਸ਼ਤੇ ਅਤੇ ਪੁਰਾਣੀਆਂ ਯਾਦਾਂ ਦੀਆਂ ਤਸਵੀਰਾਂ ਸਾਫ਼ ਦਿਖਾਈ ਦਿੰਦੀਆਂ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਿਹਾੜਿਆਂ ਤੋਂ ਲੈ ਕੇ ਫ਼ਿਲਮੀ ਦੁਨੀਆ, ਰਿਸ਼ਤਿਆਂ ਦੀ ਮਹੱਤਤਾ, ਸੱਭਿਆਚਾਰਕ ਵਿਸ਼ਿਆਂ ਅਤੇ ਜਨਰਲ ਨੋਲੇਜ ਤੱਕ—ਉਹਨਾਂ ਦੀ ਲੇਖਣੀ ਹਰ ਵਿਸ਼ੇ ਨੂੰ ਬੜੀ ਹੀ ਖੋਜ ਅਤੇ ਗਹਿਰਾਈ ਨਾਲ ਪੇਸ਼ ਕਰਦੀ ਹੈ। ਉਹ ਹਰ ਵਿਸ਼ੇ ਦੀ ਤਹਿ ਤੱਕ ਪਹੁੰਚ ਕੇ ਲਿਖਦੇ ਹਨ, ਜਿਸ ਕਾਰਨ ਉਹਨਾਂ ਦੇ ਲੇਖ ਪੜ੍ਹਨ ਵਾਲੇ ਸਿਰਫ਼ ਜਾਣਕਾਰੀ ਹੀ ਨਹੀਂ ਲੈਂਦੇ, ਸਗੋਂ ਆਪਣੇ ਅਤੀਤ ਅਤੇ ਮਿੱਟੀ ਨਾਲ ਵੀ ਜੁੜ ਜਾਂਦੇ ਹਨ।

ਖ਼ਾਸ ਗੱਲ ਇਹ ਹੈ ਕਿ ਫੈਕਟਰੀ ਲਾਈਨ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਉਹਨਾਂ ਨੇ ਕਦੇ ਆਪਣੀ ਲੇਖਣੀ ਨੂੰ ਆਪਣੇ ਤੋਂ ਦੂਰ ਨਹੀਂ ਹੋਣ ਦਿੱਤਾ। ਦਿਨ ਦੀ ਮਿਹਨਤ ਮਗਰੋਂ ਵੀ ਉਹ ਆਪਣਾ ਸਮਾਂ ਪੜ੍ਹਨ, ਖੋਜ ਕਰਨ ਅਤੇ ਲਿਖਣ ਨੂੰ ਸਮਰਪਿਤ ਕਰਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਪੰਜਾਬੀ, ਹਿੰਦੀ ਅਤੇ ਉਰਦੂ ਅਖ਼ਬਾਰਾਂ ਵਿੱਚ ਉਹਨਾਂ ਦੇ ਲੇਖ ਸਿਰਫ਼ ਭਾਰਤ ਹੀ ਨਹੀਂ,



ਸਗੋਂ ਵਿਦੇਸ਼ਾਂ ਵਿੱਚ ਵੀ ਪੜ੍ਹੇ ਅਤੇ ਸਰਾਹੇ ਜਾਂਦੇ ਹਨ। ਇਹ ਸਿਰਫ਼ ਉਹਨਾਂ ਲਈ ਹੀ ਨਹੀਂ, ਸਗੋਂ ਪੰਜਾਬੀ ਮਾਂ ਬੋਲੀ ਲਈ ਵੀ ਮਾਣ ਵਾਲੀ ਗੱਲ ਹੈ।

ਉਹਨਾਂ ਦੀ ਲੇਖਣੀ ਦਾ ਅਸਰ ਸਿਰਫ਼ ਅਖ਼ਬਾਰਾਂ ਤੱਕ ਹੀ ਸੀਮਤ ਨਹੀਂ ਰਿਹਾ। ਉਹਨਾਂ ਦੇ ਲਿਖੇ ਲੇਖ ਅਤੇ ਵਿਚਾਰ ਅਕਾਸ਼ਵਾਣੀ ਜਲੰਧਰ, ਅਕਾਸ਼ਵਾਣੀ ਪਟਿਆਲਾ ਅਤੇ ਅਕਾਸ਼ਵਾਣੀ ਬਠਿੰਡਾ ਤੋਂ ਵੀ ਪ੍ਰਸਾਰਿਤ ਹੁੰਦੇ ਰਹੇ ਹਨ, ਜੋ ਉਹਨਾਂ ਦੀ ਲਿਖਤ ਦੀ ਪ੍ਰਮਾਣਿਕਤਾ ਅਤੇ ਲੋਕਪ੍ਰਿਯਤਾ ਨੂੰ ਦਰਸਾਉਂਦਾ ਹੈ।

ਇੱਕ ਚੰਗੇ ਲੇਖਕ ਦੇ ਨਾਲ ਨਾਲ ਉਹ ਇੱਕ ਉੱਤਮ ਇਨਸਾਨ ਵੀ ਹਨ। ਨਵੇਂ ਲੇਖਕਾਂ ਨੂੰ ਹੌਸਲਾ ਦੇਣਾ, ਉਹਨਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਅਤੇ ਉਹਨਾਂ ਦੀ ਹਰ ਸੰਭਵ ਮਦਦ ਕਰਨਾ ਉਹਨਾਂ ਦੀ ਫ਼ਿਤਰਤ ਦਾ ਹਿੱਸਾ ਹੈ। ਅੱਜ ਜੇ ਮੈਂ ਉਨ੍ਹਾਂ ਦੀ ਧੀ, ਪਲਕਪ੍ਰੀਤ ਕੌਰ ਬੇਦੀ, ਲਿਖਣ ਦੇ ਖੇਤਰ ਵਿੱਚ ਆਪਣੀ ਪਹਿਚਾਣ ਬਣਾਉਣ ਵੱਲ ਕਦਮ ਵਧਾ ਰਹੀ ਹਾਂ ਤਾਂ ਇਸ ਦੇ ਪਿੱਛੇ ਮੇਰੇ ਪਾਪਾ ਦੀ ਸਿੱਖਿਆ, ਪ੍ਰੇਰਣਾ ਅਤੇ ਅਸੀਸਾਂ ਹਨ।

ਅੱਜ ਉਹਨਾਂ ਦੇ ਜਨਮ ਦਿਨ ਦੇ ਇਸ ਖ਼ਾਸ ਅਤੇ ਸੁਹਾਵਣੇ ਮੌਕੇ ’ਤੇ ਆਪਣੇ ਹਰਫ਼ਨਮੌਲਾ, ਮਿਲਾਪੜੇ ਅਤੇ ਹੱਸਮੁਖ ਸੁਭਾਵ ਵਾਲੇ ਪਾਪਾ ਨੂੰ ਦਿਲੋਂ ਬਹੁਤ ਬਹੁਤ ਵਧਾਈਆਂ ਦੇਂਦੀ ਹਾਂ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਹਨਾਂ ਨੂੰ ਹਮੇਸ਼ਾਂ ਚੜ੍ਹਦੀ ਕਲਾ, ਤੰਦਰੁਸਤੀ, ਖੁਸ਼ੀਆਂ ਅਤੇ ਲੰਮੀ ਉਮਰ ਬਖ਼ਸ਼ੇ ਤਾਂ ਜੋ ਉਹ ਇਸੇ ਤਰ੍ਹਾਂ ਆਪਣੀ ਕਲਮ ਦੀ ਰੌਸ਼ਨੀ ਨਾਲ ਪੰਜਾਬੀ ਸਾਹਿਤ ਦੀ ਝੋਲੀ ਭਰਦੇ ਰਹਿਣ ਅਤੇ ਅਣਗਿਣਤ ਲੋਕਾਂ ਲਈ ਪ੍ਰੇਰਣਾ ਬਣੇ ਰਹਿਣ।



ਪਲਕਪ੍ਰੀਤ ਕੌਰ ਬੇਦੀ
ਜਲੰਧਰ

# ਸੁਣ ਵੇ ਸੱਜਣਾ

ਅੱਗ ਦੇ ਗੋਲੇ ਵਰ੍ਹ ਰਹੇ ਹਰ ਪਾਸੇ ਹਰ ਥਾਂ,
ਪੰਛੀ ਵੀ ਹੈਰਾਨ ਨੇ ਕਿੱਦਾਂ ਬਚਾਈਏ ਜਾਨ,
ਕਿੱਦਾਂ ਬਚਾਈਏ ਜਾਨ ਕਿਤੇ ਜਾ ਲੁਕ ਕੇ ਬਹੀਏ,
ਸਾਰੀ ਦੁਨੀਆ ਨੂੰ ਅਸੀਂ ਹੁਣ ਨਜ਼ਰ ਨਾ ਆਈਏ,
ਜੰਗ ਛੇੜ ਕੇ ਲਾ ਲਿਆ ਮਨੁੱਖਤਾ ਨੇ ਇਹ ਦਾਗ,
ਬਲਦੀ ਚਾਰੇ ਪਾਸੇ ਹੁਣ ਬਣ ਜੰਗਲ ਦੀ ਅੱਗ।

ਰੁੱਖ ਵੀ ਚੀਕਾਂ ਮਾਰਦੇ ਪੱਤੇ ਝੜ-ਝੜ ਜਾਣ,
ਨਦੀਆਂ ਦਾ ਵੀ ਪਾਣੀ ਹੁਣ ਲਹੂ ਬਣ ਵਹਿੰਦਾ,
ਮਾਸੂਮਾਂ ਦੀਆਂ ਲਾਸ਼ਾਂ 'ਤੇ ਕੌਣ ਕਰੇ ਅਫ਼ਸੋਸ,
ਬੱਚੇ ਪੁੱਛਦੇ ਮਾਂ ਕੋਲੋਂ ਕਦ ਮੁੱਕਣੀ ਇਹ ਜੰਗ,
ਧੂੰਏਂ 'ਚ ਡੁੱਬੀ ਜ਼ਿੰਦਗੀ ਕਮਲ ਫੁੱਲ ਵੀ ਮੁਰਝਾ ਗਏ,
ਅਮਨ ਦੇ ਦੀਪ ਜਗਾਉਣ ਲਈ ਕਮਲ ਚੇਤਨਾ ਚਾਹੀਦੀ।



## ਕਮਲ ਭਾਸਕਰ

# ਟੈਸਲਾ (ਕਾਰ) ਲਿਆ ਦੇ ਚੰਨ ਵੇ...

ਟੈਸਲਾ ਲਿਆ ਦੇ ਚੰਨ ਵੇ,
ਵੇਖੂ ਪੇਕਾ ਪਿੰਡ ਨੀਝਾਂ ਲਾ ਕੇ ਸਾਰਾ......।
ਟੈਸਲਾ......
ਹਾਰ ਹਮੇਲਾਂ ਲਈ ਮੈਂ, ਕਦੀ ਨਾ ਸਤਾਇਆ ਵੇ,
ਗੜਵਾ ਵੀ ਚਾਂਦੀ ਵਾਲਾ, ਕਦੇ ਨਾ ਮੰਗਾਇਆ ਵੇ,
ਚਰੀ, ਟਾਂਡਾ ਵੇਚ, ਭਾਵੇਂ ਵੇਚ ਲਈਂ ਐਤਕੀਂ ਗੁਆਰਾ....
ਟੈਸਲਾ....
ਚਾਂਦੀ ਦੀਆਂ ਝਾਂਜਰਾਂ ਲਈ, ਨਾ ਕਦੇ ਜ਼ਿਦ ਨੂੰ ਪੁਗਾਇਆ ਵੇ,
ਲਾਈਵ ਤਸਵੀਰਾਂ ਵਾਲਾ ਟੀਵੀ, ਤੂੰ ਆਪੇ ਹੀ ਲਿਆਇਆ ਵੇ,
ਅੜੀ ਛੱਡ, ਜੀਣ ਦਾ ਤਰੀਕਾ ਸਿੱਖ ਤੂੰ ਵੀ ਸਰਦਾਰਾ...
ਟੈਸਲਾ.....
ਚਾਦਰਾਂ ਨੂੰ ਨਾਪਣਾ, ਨਾਂ ਪੈਰਾਂ ਨੂੰ ਹੈ ਢਕਣਾ,
ਬੁੱਲ੍ਹੇ ਸ਼ਾਹ ਦੇ ਵਾਂਗੂੰ, ਅੱਜ ਖੁੱਲ੍ਹ ਕੇ ਮੈਂ ਨੱਚਣਾ,
ਲਈਏ ਚਾਰ ਦਿਨ, ਜਿਊਂਣ ਦਾ, ਨਜ਼ਾਰਾ.....
ਟੈਸਲਾ......
ਭੈਣਾਂ, ਭਰਜਾਈਆਂ ਸਭ, ਈ.ਵੀ. ਨੇ ਚਲਾਉਂਦੀਆਂ,
ਕੈਮਰੀ ਚ ਦੇਖ ਮੈਨੂੰ, ਜਰਾ ਨਾ ਸਖਾਉਂਦੀਆਂ,
ਲਾ ਨਾਂ ਬਹਾਨੇ ਐਵੇਂ, ਲੱਖ ਮੰਗ ਲੈ, ਕਿਸੇ ਤੋਂ ਉਧਾਰਾ..
ਟੈਸਲਾ...
ਗਹਿਣਿਆਂ ਦਾ ਛੱਜ ਮੈਨੂੰ, ਸਹੁਰਿਆਂ ਨੇ ਪਾਇਆ ਵੇ,
ਤੇਰੇ ਘਰ ਆ ਕੇ, ਮੈਂ ਤਾਂ ਖੱਦਰ ਹੰਢਾਇਆ ਵੇ
ਦੇਖੀ ਜਾਊ ਲਿਮਟਾਂ ਬਣਾ,ਲੋਕਾਂ ਵਾਂਗੂੰ ਕਰਾਂਗੇ ਗੁਜ਼ਾਰਾ....
ਟੈਸਲਾ....
ਮੋਦੀ ਜੀ ਦਾ ਕਹਿਣਾ ਮੰਨ, ਮੈਂ ਸੋਨੇ ਤੇ ਨਾਂ ਥੁੱਕਦੀ,
ਕਾਰ ਕਿਹੜੀ ਸੋਨੇ ਦੀ ਆ, ਤੂੰ ਗੱਲ ਕਰ ਮੁੱਕਦੀ,
ਮੈਨੂੰ ਲੱਗਦਾ ਏ ਮੱਤ ਤੇਰੀ, ਹੋਈ ਏ ਨਕਾਰਾ......
ਟੈਸਲਾ....
ਕੀ ਦੱਸਾਂ ਮੈਨੂੰ, ਜਣੀ ਖਣੀ ਮਿਹਣੇ ਮਾਰਦੀ,
ਲਾ ਕੇ ਟਕੋਰਾਂ, ਰਹਿੰਦੀ ਸੀਨਾ ਮੇਰਾ ਸਾੜਦੀ,
ਫਿਰਨੀ ਤੇ ਪਾਉਣਾ ਕਦੋਂ, "ਸੋਨੀ" ਨੇ ਚੁਬਾਰਾ..
ਟੈਸਲਾ ਲਿਆ ਦੇ ਚੰਨ ਵੇ,
ਵੇਖੂ ਪੇਕਾ ਪਿੰਡ ਸਾਰਾ ਨੀਝਾਂ ਲਾ ਸਾਰਾ



-ਜਸਵਿੰਦਰ ਕੌਰ
ਯੂਨੀਅਨ ਸਿਟੀ ਅਮਰੀਕਾ

# (ਪਤਾ ਨ੍ਹੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜੀ)

ਕਿਸੇ ਨੂੰ ਦਿੰਦਾ ਖੁੱਲੇ ਗੱਫੇ,ਕੋਈ ਕਰੇ ਮੁਹਤਾਜੀ। ਕੋਈ ਮਾਰੇ ਮੱਲਾਂ ਰੱਜ ਕੇ, ਕੋਈ ਹਾਰੇ ਜ਼ਿੰਦਗੀ ਦੀ ਬਾਜੀ। ਕਿਸੇ ਦੇ ਘਰ, ਜੁਆਕਾਂ ਦੀਆਂ, ਲਾਈਨਾਂ ਲੱਗੀਆਂ, ਕੋਈ ਤਰਸੇ, ਬੱਚੇ ਦੀ ਕਿਲਕਾਰੀ ਨੂੰ।, ਕੋਈ ਜਿਉਂਦੀਆਂ ਮਾਵਾਂ, ਨੂੰ ਧੱਕੇ ਦਿੰਦੇ, ਕੋਈ ਤਰਸੇ, ਮਾਂ ਰਾਜ ਦੁਲਾਰੀ ਨੂੰ। ਕੋਈ ਜੇਠ ਹਾੜ ਦੀਆਂ ਧੁੱਪਾਂ, ਵਿੱਚ ਸੜ੍ਹਦਾ ਹੈ, ਕੋਈ ਕੂਲਰਾਂ ਦੀ ਠੰਡੀ ਹਵਾ ਵਿੱਚ, ਐਸ਼ਾਂ ਕਰਦਾ ਹੈ। ਬੁਢਾਪੇ ਦੇ ਰੋਗ ਤਾਂ ਸਭ ਨੂੰ ਆਉਂਦੇ ਨੇ, ਹੁਣ ਤਾਂ ਜਵਾਨੀ ਵਿੱਚ, ਵੀ ਗੋਡਿਆਂ ਦੇ ਜੜਾਕੇ ਪੈਂਦੇ ਨੇ।ਪੰਜਾਂਪਾਣੀਆਂ ਦੇ ਤਾਰੂ, ਵੀ ਹੁਣ ਤਾਂ,ਖਾਲੀ ਫੜ੍ਹਾਂ ਮਾਰਦੇ ਰਹਿੰਦੇ ਨੇ।

ਮਸਨੂਈ ਬੁੱਧੀ ਨੇ, ਸਾਰੇ ਰੰਗ ਤਮਾਸ਼ੇ ਬਦਲ ਦਿੱਤੇ। ਝੂਠੇ ਸੱਚੇ ਲੱਗਣ, ਸੱਚੇ ਝੂਠੇ ਬਣਾ ਦਿੱਤੇ। ਮਹਿਲਾਂ ਵਿੱਚ ਰਹਿਣ ਵਾਲੇ ਰਾਜੇ,ਚੋਰ ਦਰਵਾਜ਼ਿਆਂ ਰਾਹੀਂ, ਮੰਤਰੀ ਬਣਾ ਦਿੱਤੇ। ਸਮਤੋਲ ਵਿਗੜਿਆ ਤੱਕੜੀ ਦਾ,ਭੇਸ ਬਦਲ ਕੇ, ਪੰਜੇ ਦਾ ਚੋਣ ਨਿਸ਼ਾਨ ਦਿਵਾ ਦਿੱਤਾ।ਕੁਦਰਤ ਨੂੰ ਧੋਖਾ ਨ੍ਹੀਂ ਦੇ ਸਕਦੇ,ਮੂਧੇ ਮੂੰਹ ਡਿੱਗਾ ਦਿੱਤਾ। ਰੱਬ ਨੂੰ ਵੀ ਖਰੀਦਣ ਦੀ ਕੋਸ਼ਿਸ਼ ਕਰਦੇ, ਪਰ ਉਸ ਦਾ ਕੋਈ ਭੇਤ ਨ੍ਹੀਂ ਪਾ ਸਕਦਾ। ਸ਼ੈਤਾਨੀਆਂ ਤੋਂ, ਬਾਜ ਨਾ ਆਵੇ, ਗੱਲਾਂ ਗੱਲਾਂ ਵਿੱਚ, ਵਿਰੋਧੀਆਂ ਨੂੰ ਹਰਾ ਸਕਦਾ।

ਕੋਈ ਰਹਿੰਦੇ ਕੱਚੇ ਢਾਰਿਆਂ ਵਿੱਚ, ਕੋਈ ਪੱਕਿਆਂ ਵਿੱਚ, ਫਿਰ ਵੀ ਨੱਖਰੇ ਕਰਦੇ ਨੇ। ਕੋਈ ਪੜ੍ਹ ਪੜ੍ਹ, ਬਣੇ ਅਕਲ ਲਤੀਫ, ਬੇਰੁਜ਼ਗਾਰੀ ਵਿੱਚ ਧੱਕੇ ਖਾਂਦੇ ਨੇ। ਕੋਈ ਅਨਪੜ੍ਹ ਹੁੰਦੇ ਹੋਏ ਵੀ,ਰਾਜਸੀ ਚਲਾਕੀਆਂ




ਦਿਖਾਂਦੇ ਨੇ। ਕੋਈ ਫਿਕਰਾਂ ਵਿੱਚ, ਸੁੱਕ ਕੇ ਪਿੰਜਰ ਹੋ ਜਾਂਦੇ, ਕੋਈ ਮੌਜਾਂ ਨਾਲ, ਜ਼ਿੰਦਗੀ ਜਿਉਂਦੇ ਨੇ। ਕੋਈ ਰੱਸੇ ਵੱਟਦੇ, ਦੂਸਰਿਆਂ ਦੀ ਜਾਨ ਲਈ,, ਪਤਾ ਉਦੋਂ ਲੱਗਦਾ ਜਦੋਂ ਆਪਣੀ ਜਾਨ, ਤੇ ਪੈਂਦੀ ਹੈ। ਕਈ ਐਸੇ ਮਹਾਸ਼ੇ ਵੀ ਹੁੰਦੇ, ਜਿਨ੍ਹਾਂ ਨੂੰ ਦੂਸਰਿਆਂ ਦੀ, ਫਿਕਰ ਰਹਿੰਦੀ ਹੈ। ਦਾਤਾ ਤੇਰੇ ਰੰਗ ਨੇ ਨਿਆਰੇ,, ਕੋਈ ਭੁੱਖੇ ਤੇ, ਕੋਈ ਰੱਜੇ ਰਹਿੰਦੇ ਨੇ। ਕੋਈ ਚੜ੍ਹਦੀਆਂ ਕਲਾਂ ਵਿੱਚ ਰਹਿਣ, ਕੋਈ ਛੋਟੀ ਛੋਟੀ ਗੱਲ ਤੇ, ਢੇਰੀ ਢਾਹ ਬਹਿੰਦੇ ਨੇ।

ਆਓ ਨਵੇਂ ਜ਼ਮਾਨੇ ਵਿੱਚ ਪ੍ਰਵੇਸ਼ ਕਰੀਏ, ਝੂਠ ਦੇ ਪਰਦੇ, ਫਾਸ਼ ਕਰੀਏ। ਬਿੱਲੀਆਂ ਦੇ ਝਗੜੇ ਵਿੱਚ, ਬਾਂਦਰਾਂ ਵਾਲਾ ਇਨਸਾਫ ਕਰੀਏ। ਸਾਰਾ ਕੁੱਝ ਆਪ ਹੀ ਚੱਟਮ ਕਰ ਜਾਈਏ,ਔਲਾਦ ਵਾਸਤੇ ਵੀ, ਰਾਹ ਖੋਲ੍ਹ ਜਾਈਏ। ਦੁਨੀਆਂ ਕਿਤੇ ਦੀ ਕਿਤੇ, ਪਹੁੰਚ ਗਈ ਏ। ਅਸੀਂ ਵੀ ਕਿਉਂ, ਪਿੱਛੇ ਖੜ੍ਹੇ ਰਹੀਏ। ਰੰਗ ਵਿੱਚ ਭੰਗ ਪਾਉਣਾ, ਹੁੰਦਾ ਕੰਮ, ਰਾਜਸੀ ਬੰਦਿਆਂ ਦਾ। ਵਿਰੋਧੀਆਂ ਦਾ ਕੰਮ ਹੁੰਦਾ,ਖੁੱਡੇ ਲਾਉਣਾ, ਸਹਾਰਾ ਲੈਕੇ ਮੁਸ਼ਟੰਡਿਆਂ ਦਾ। ਹੋਰਾਂ ਨੂੰ ਤਾਂ ਕੀ ਪੜ੍ਹਾਉਣਾ, ਆਪਣੇ ਵੀ ਮੇਰੀਆਂ ਲਿਖਤਾਂ ਨੂੰ ਪਸੰਦ ਨਹੀਂ ਕਰਦੇ। ਦੂਰ ਦੇ ਅਤੇ ਬੇਗਾਨੇ ਤਰੀਫਾਂ ਦੇ ਪੁਲ ਬੰਨ੍ਹਦੇ,, ਹੋਰਾਂ ਨੂੰ ਭੇਜ ਕੇ, ਆਨੰਦ ਦੀ ਤੰਦ ਭਰਦੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com